੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੪ ਜਿਲਦ ੩੧ ੨੫ ਫ਼ਰਵਰੀ -੩ ਮਾਰਚ ੨੦੨੧, ੧੪-੨੦ ਫੱਗਣ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 14 Volume 31, 25 February - 3 March, 2021
Yearly Subscription India 250/-, Abroad 2500/- and Life Membership India 2500/-, Abroad 25000/-

ਪ੍ਰਕਾਸ਼ ਪੁਰਬ ਗੁਰੂ ਹਰਿ ਰਾਇ ਸਾਹਿਬ : 25 ਫ਼ਰਵਰੀ

# ਜੀਵਨ ਪੁਰਖੁ ਮਿਲਿਆ ਹਰਿ ਰਾਇਆ॥

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਜਿਕੁਰ ਗੰਗਾ ਜੀ ਵਿੱਚ ਟੁੱਬਾ ਲਾਕੇ ਮਿਸਰ ਜੀ ਪੱਥਰ ਪੁਰ ਖੜੇ ਥੱਰਾਉਂਦੇ ਹਨ, ਇੱਕੁਰ ਪਾਲੇ ਦੀ ਨਦੀ ਵਿੱਚ ਨ੍ਹਾਤਾ ਚੰਦ੍ਰਮਾਂ ਅਕਾਸ ਵਿੱਚ ਖੜਾ ਪਤਲੇ ਪਤਲੇ ਬੱਦਲਾਂ ਵਿਖੇ ਕੰਬਦਾ ਦਿਸ ਰਿਹਾ ਹੈ। ਰਾਤ ਦੇ ਨੌਂ ਕੁ ਵਜ ਗਏ ਹਨ। ਨਿੱਕੀ-ਨਿੱਕੀ ਸੀਤਲ ਪੌਣ ਵਗ ਰਹੀ ਹੈ। ਬਜ਼ਾਰ ਸੁੰਨ ਸਾਣ ਪਏ ਹਨ। ਇਸ ਵੇਲੇ ਇੱਕ ਬੁੱਢੀ ਮਾਈ ਮਧਰੀ ਤੇ ਜ਼ਰਾ ਭਾਰੀ, ਜਿਸ ਦੇ ਕਦੀ ਕੁ ਸੁੰਦਰ ਚਿਹਰੇ ਪੁਰ ਸਮੇਂ ਨੇ ਝੁਰਿੜੀਆਂ ਦਾ ਪੰਜਾ ਫੇਰ ਦਿੱਤਾ ਹੈ, ਡੰਗੋਰੀ ਟੇਕਦੀ ਤੇ ਕਦਮ- ਕਦਮ ਪੁਰ ਸ੍ਰੀ ਵਾਹਿਗੁਰੂ-ਵਾਹਿਗੁਰੂ ਕਹਿੰਦੀ ਤੁਰੀ ਜਾਂਦੀ ਹੈ। ਇੱਕ ਉੱਚੇ ਮਹਿਲਾਂ ਵਾਲੀ ਠੰਢੀ ਤੇ ਜਿਰੜ ਗਲੀ ਵਿੱਚ ਜਾਕੇ ਮਾਈ ਨੇ ਇੱਕ ਥੜੇ ਪੁਰ ਚੜ੍ਹ ਬੂਹਾ ਖੜਕਾਕੇ ਕੰਬਦੀ ਅਵਾਜ਼ ਵਿੱਚ ਹਾਕ ਮਾਰੀ।



"ਨੀਂ ਕੁੜੀਏ! ਬੂਹਾ ਖੋਲ੍ਹ ਬੀਬਾ!"

ਇੱਕ ਵੀਹ ਕੁ ਵਰ੍ਹੇ ਦੀ ਜੁਆਨ ਇਸਤ੍ਰੀ, ਮਰੀਨੇ ਦੀ ਬੁੱਕਲ ਮਾਰੀ ਹੋਈ, ਸੀ ਸੀ ਕਰਦੀ ਆਈ। ਬੂਹਾ ਖੋਲ੍ਹ ਕੇ ਮਾਈ ਨੂੰ ਅੰਦਰ ਵਾੜ, ਕੁੰਡਾ ਦੇ ਕੇ ਅਗਲੇ ਅੰਦਰ ਜਿੱਥੇ ਅੰਗੀਠੀ ਵਿੱਚ ਅੱਗ ਭਖ ਰਹੀ ਸੀ, ਲੈ ਆਈ। ਅੱਗ ਦੇ ਉਦਾਲੇ ਇੱਕ ਹੋਰ ਪਤਲੀ ਜਿਹੀ ਇਸਤ੍ਰੀ, ਜੋ ਪੰਜ੍ਹੀ ਕੁ ਵਰ੍ਹੇ ਦੀ ਜਾਪਦੀ ਹੈ, ਬੈਠੀ ਸੀ। ਮਾਈ ਨੂੰ ਜਾਂਦਿਆਂ ਪੁੱਛਣ ਲੱਗੀ- ਬੇਬੇ ਜੀ ਅਜ ਤਾਂ ਵੱਡਾ ਚਿਰ ਲੱਗਾ।

ਮਾਈ:- ਹਾਂ ਬੱਚੀ, ਅਜ ਕਥਾ ਦਾ ਭੋਗ ਸੀ, ਇਸ ਕਰਕੇ ਰਤੀ ਚਿਰ ਹੋ ਗਿਆ।

ਜੁਆਨ ਇਸਤ੍ਰੀ ਜੋ ਇਸ ਬੁੱਢੀ ਦੀ ਨੌਂਹ ਸੀ, ਆਖਣ ਲਗੀ, ਬੇਬੇ ਜੀ ਭੋਗ ਕਿੱਕੁਰ ਦਾ?

ਮਾਈ:- ਬੱਚੀ ਅਜ ਸਤਵੇਂ ਗੁਰੂ ਜੀ ਦੀ ਕਥਾ ਦੀ ਸਮਾਪਤੀ ਸੀ, ਤੇ ਸਾਡੇ ਭਾਈ ਹੋਰੀਂ ਹਰੇਕ ਗੁਰੂ ਜੀ ਦੀ ਕਥਾ ਵਾਚ ਕੇ ਭੋਗ ਪਾ ਦੇਂਦੇ ਹਨ।

ਦੂਜੀ ਇਸਤ੍ਰੀ ਜਿਨ ਕੁੰਡਾ ਖੋਲ੍ਹਿਆ ਸੀ, ਅਰ ਮਾਈ ਦੀ ਧੀ ਸੀ, ਬੋਲੀ, ਮਾਂ ਜੀ ਸੱਤਵੇਂ ਗੁਰੂ ਜੀ ਦੀ ਕਥਾ ਤੁਹਾਨੂੰ ਸਾਰੀ ਚੇਤੇ ਹੋਊ?

ਮਾਈ:- ਆਹੋ ਕਾਕੀ, ਕਈ ਵੇਰੀ ਜੋ ਸੁਣੀ, ਸੋ ਤਾਂ ਪੱਕੀ ਚੇਤੇ ਹੋ ਗਈ।

ਧੀ:- ਫੇਰ ਮਾਂ ਜੀ ਰਾਤਾਂ ਤਾਂ ਪੰਜਾਂ ਪੰਜਾਂ ਪਹਰਾਂ ਦੀਆਂ ਹਨ, ਬੀਤਣ ਵਿੱਚ ਨਹੀਂ ਆਉਂਦੀਆਂ, ਉੱਸਲ ਵੱਟੇ ਭੰਨਦਿਆਂ ਜੀ ਅੱਕ ਜਾਂਦਾ ਹੈ, ਤੁਸੀਂ ਸਾਨੂੰ ਸਤਵੇਂ ਗੁਰੂ ਜੀ ਦੀ ਕਥਾ ਸੁਣਾਓ। ਨਾਲੇ ਖਬਰੇ ਮੈਨੂੰ ਫੇਰ ਕਦੋਂ ਸਹੁਰਿਓਂ ਆਉਣਾ ਮਿਲੇ? ਅੱਗੇ ਜਿਹੜੇ ਭਰਾ ਹੁਰਾਂ ਨੇ ਨਾਵੇਂ ਦਸਵੇਂ ਗੁਰੂ ਜੀ ਦੇ ਜੀਵਨ ਬ੍ਰਿਤਾਂਤ ਤੇ ਬਲੀਦਾਨ ਦੇ ਗੁਟਕੇ ਘੱਲੇ ਸਨ, ਮੈਂ ਸਾਰੀ ਗਲੀ ਨੂੰ ਪੜ੍ਹਕੇ ਸੁਣਾਏ। ਮਾਂ ਜੀ ਉਨ੍ਹਾਂ ਦੇ ਸੁਣਨ ਥੋਂ ਕਈਆਂ ਦੀ ਸ਼ਰਧਾ ਵਧ ਗਈ ਤੇ ਕਈਆਂ ਮੈਥੋਂ ਜਪੁਜੀ ਸਾਹਿਬ ਕੰਠ ਕੀਤਾ ਹੈ।

## ਅੰਦਰ............


- ☐ ਤਾਲਿਬ-ਏ-ਹੱਕ ਭਗਤ ਰਵਿਦਾਸ ਜੀ 4
- ☐ ਸੰਤ ਬਿਮਲਾ ਸਿੰਘ : ਕ੍ਰਿਤਾਰਥ ਜੀਵਨ 6
- ☐ Bhagat Ravidas: Concept of ... 7
- ☐ 100 ਸਾਲ ਪਹਿਲਾਂ: ਸ੍ਰੀ ਨਨਕਾਣੇ ਸਾਹਬ... 10
- ☐ ਸ਼ਬਦ ਵਿਆਖਿਆ 11
- ☐ ਰਿਪੋਰਟ: ਮੈਰੀਨਾ ਵ੍ਹੀਲਰ ਦੀ ਪੁਸਤਕ ਤੇ ਚਰਚਾ 12

ਮਾਈ:- ਕਾਕੀ ਪਲ ਕੁ ਠਹਰ ਜਾ, ਰਤਾ ਸੇਕਾ ਲੈ ਲੈਣ ਦੇਹ। ਬੁੱਢੇ ਹੱਡ ਹਨ, ਪਾਲਾ ਵਿੰਨ੍ਹਦਾ ਜਾਂਦਾ ਹੈ, ਉੱਪਰੋਂ ਕੱਲ ਦੇ ਗੜ੍ਹਿਆਂ ਨੇ ਸੀਤ ਨੂੰ ਹੋਰ ਬੀ ਹਨੇਰੀ ਦੇ ਗੱਡੇ ਚਾੜ੍ਹ ਦਿੱਤਾ ਹੈ।

ਗੱਲ ਕਾਹਦੀ ਅੱਗ ਸੇਕ, ਅਤੇ ਗਰਮ ਹੋਕੇ ਪੁਰਾਣੇ ਵੇਲਿਆਂ ਦੀ ਨੇਮਣ ਬੁੱਢੀ ਮਾਈ ਨੇ ਇਉਂ ਕਹਣਾ ਅਰੰਭ ਕੀਤਾ।

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਵੱਡੇ ਪੁੱਤ੍ਰ ਬਾਬਾ ਗੁਰਦਿੱਤਾ ਜੀ ਭਾਰੇ ਭਜਨੀਕ, ਤੇ ਆਗਯਾ ਪਾਲਕ ਸਨ, ਪਰ ਅਕਾਲ ਪੁਰਖ ਦੀ ਭਾਵੀ, ਓਹ ਉਨ੍ਹਾਂ ਦੇ ਜੀਉਂਦੇ ਹੀ ਸਮਾਇ ਗਏ।

ਬਾਰੇ ਗੁਰਦਿੱਤੇ ਦੇ ਛੋਟੇ ਪੁੱਤ੍ਰ ਗੁਰੂ ਹਰਿਰਾਇ ਜੀ ਵੱਡੇ ਸੰਤ ਤੇ ਆਗਜਾਕਾਰੀ ਸਨ, ਇਸ ਕਰਕੇ ਛੇਵੇਂ ਗੁਰੂ ਜੀ ਨੇ ਗੁਰਿਆਈ ਦੀ ਗੱਦੀ ਇਨ੍ਹਾਂ ਨੂੰ ਬਖ਼ਸ਼ੀ। ਇੱਕ ਵੇਰੀਂ ਦੀ ਗੱਲ ਹੈ, ਕਿ ਗੁਰੂ ਹਰਿਰਾਇ ਜੀ ਬਾਗ਼ ਦੀ ਸੈਰ ਕਰ ਰਹੇ ਸਨ, ਕਿ ਉਨ੍ਹਾਂ ਦੇ ਜਾਮੇਂ ਨਾਲੋਂ ਜੋ ਸੌ ਕਲੀਆਂ ਦਾ ਹੁੰਦਾ ਸੀ, ਇੱਕ ਸੁੰਦਰ ਫੁੱਲ ਟੁੱਟ ਗਿਆ। ਇਹ ਦੇਖਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਿਹਾ, ਕਿ ਪਹਿਨਣੇ ਇੱਡੇ ਜਾਮੇਂ, ਤੇ ਤੁਰਨਾ ਗ਼ਾਫਲ ਹੋਕੇ। ਉਸ ਦਿਨ ਥੋਂ ਲੈਕੇ ਗੁਰੂ ਜੀ ਸਾਰੀ ਉਮਰ ਜਾਮਾਂ ਸੰਕੋਚ ਕੇ ਤੁਰਦੇ ਰਹੇ।

ਧੀ:- ਮਾਂ ਜੀ ਗੁਰੂ ਜੀ ਦਾ ਜਨਮ ਕਦੋਂ ਹੋਇਆ ਸੀ?

ਮਾਈ:- ਮਾਘ ਸੁਦੀ ਸੰ: ੧੬੮੬ ਬਿ: (1630 ਈ.) ਐਤਵਾਰ ਰਾਤ ਦੇ ਦਸ ਬਜੇ ਕੀਰਤਪੁਰ ਵਿੱਚ ਮਾਤਾ ਨੇਤੀ ਦੇ ਕੁੱਖੋਂ ਆਪਨੇ ਅਵਤਾਰ ਧਾਰਿਆ।

ਧੀ:- ਮਾਂ ਜੀ ਗੁਰੂ ਜੀ ਗੱਦੀ ਪੁਰ ਕਦ ਬੈਠੇ?

ਮਾਈ:-ਕਾਕੀ ੭ ਵਿਸਾਖ ਸੰ:੧੭੦੧ਬਿ: (1644 ਈ.) ਨੂੰ ਗੱਦੀ ਪੁਰ ਬੈਠੇ।

ਉਨ੍ਹੀਂ ਦਿਨੀਂ ਹਿੰਦ ਦਾ ਪਾਤਸ਼ਾਹ ਸ਼ਾਹਜਹਾਨ ਸੀ, ਜਿਸਦੇ ਚੌਹਾਂ ਪੁੱਤ੍ਰਾਂ ਵਿੱਚ ਰਾਜ ਲੈਣ ਦੀ ਚਾਹ ਥੋਂ ਪਹਲੇ ਹੀ ਵਿਖਾਧ ਉਪਜ ਪਈ ਸੀ, ਅਰ ਇੱਕ ਦੂਜੇ ਦੇ ਵੈਰੀ ਸਨ, ਛੋਟੇ ਔਰੰਗਜ਼ੇਬ ਨੇ ਵੱਡੇ ਦਾਰਾਸ਼ਕੋਹ ਨੂੰ ਉਸਦੇ ਨੌਕਰਾਂ ਨਾਲ ਮਿਲਕੇ ਕੁਝ ਅਜਿਹੀ ਚੀਜ਼ ਦਿੱਤੀ, ਕਿ ਓਹ ਮਾਂਦਾ ਪੈ ਗਿਆ। ਹਕੀਮਾਂ ਨੇ ਦਸ ਤੋਲੇ ਦੀ ਹਰੀੜ, ਤੇ ਹੋਰ ਅਜਿਹੀਆਂ ਅਣ ਲੱਭ ਦਵਾਵਾਂ ਲਿਖੀਆਂ ਜੋ ਕਿਤੋਂ ਨਾ ਲੱਭੀਆਂ। ਛੇਕੜ ਪਤਾ ਲੱਗਾ, ਕਿ ਗੁਰੂ ਸਾਹਿਬ ਦੇ ਖਜ਼ਾਨੇ ਵਿੱਚ ਹਨ। ਦਾਰਾ ਨੇ ਵੱਡੀ ਅਧੀਨਗੀ ਨਾਲ ਮੰਗ ਘੱਲੀਆਂ, ਜੋ ਗੁਰੂ ਜੀ ਨੇ ਦੇ ਦਿੱਤੀਆਂ। ਦਾਰਾਸ਼ਕੋਹ ਰਾਜ਼ੀ ਹੋ ਗਿਆ। ਇਹ ਸ਼ਾਹਜ਼ਾਦਾ ਪਹਿਲੇ ਹੀ ਫ਼ਕੀਰਾਂ ਦਾ ਵੱਡਾ ਮੇਲੀ ਸੀ। ਹੁਣ ਜਦ ਗੁਰੂ ਜੀ ਦਾ ਧੰਨਵਾਦ ਕਰਨ ਆਇਆ, ਅਰ ਓਨ੍ਹਾਂ ਦੀ ਸੰਤਤਾਈ ਡਿੱਠੀ, ਤਾਂ ਸੇਵਕ ਹੋ ਗਿਆ, ਅਰ ਉਪਦੇਸ਼ ਪਾਕੇ ਕਿਰਤਾਰਥ ਹੋਇਆ। ਦਾਰਾ ਨੇ ਓਨ੍ਹਾਂ ਨੂੰ ਜਗੀਰ ਦੇਣੀ ਚਾਹੀ, ਜੋ ਗੁਰੂ ਜੀ ਨੇ ਇਹ ਕਹਿਕੇ ਨਾ ਮੰਨੀ, ਕਿ "ਸਾਡੇ ਲੰਗਰ ਵਿੱਚ ਅਕਾਲ ਪੁਰਖ ਜੀ ਵੱਲੋਂ ਅਤੁਟ ਭੰਡਾਰ ਬਖ਼ਸ਼ੇ ਹੋਏ ਹਨ।"

ਇੱਕ ਵੇਰੀਂ ਰੋਮ ਦੇ ਪਾਤਸ਼ਾਹ ਦਾ ਏਲਚੀ ਸ਼ਾਹਜਹਾਨ ਪਾਤਸ਼ਾਹ ਨਾਲ ਕੋਈ ਮਾਮਲਾ ਨਜਿੱਠ ਕੇ ਮੁੜਦਾ ਜਾਂਦਾ ਗੁਰੂ ਜੀ ਦਾ ਜਸ ਸੁਣਕੇ ਹਾਜ਼ਰ ਹੋਇਆ, ਅਰ ਪ੍ਰਸ਼ਨ ਇਹ ਕੀਤਾ, ਕਿ ਰੱਬ ਦੀ ਦਰਗਾਹੇ ਕਿਹੜੇ ਨਬੀ ਜਾਂ ਪੈਗ਼ੰਬਰ ਦੀ ਕਹੀ ਸੁਣੀ ਜਾਂਦੀ ਹੈ, ਅਰ ਕਿਸਦੇ ਕਹਿਣ ਸੁਣਨ ਥੋਂ ਪਾਪੀਆਂ ਦੀ ਰਈ ਕੀਤੀ ਜਾਂਦੀ ਹੈ? ਗੁਰੂ ਜੀ ਨੇ ਉੱਤਰ ਦਿੱਤਾ, ਕਿ ਨਬੀ ਰਸੂਲ ਕਰੋੜਾਂ ਰੱਬ ਦੀ ਦਰਗਾਹੇ ਪਏ ਫਿਰਦੇ ਹਨ, ਕਿਸੇ ਦੀ ਪੇਸ਼ ਨਹੀਂ ਚਲਦੀ। ਅਪਨੇ ਸ਼ੁਭ ਕਰਮ ਅਰ ਪਰਮੇਸ਼ਰ ਦੀ ਦਿਆਲਤਾ ਮੁਕਤੀ ਦਾ ਸਾਧਨ ਹਨ। ਜਗਤ ਵਿੱਚ ਪਰਮੇਸ਼ਰ ਦਾ ਪ੍ਰੇਮੀ ਰਹਿਣਾ ਹੀ ਮੁਕਤ ਸਰੂਪ ਹੈ। ਕਿਸੇ ਮਨੁੱਖ ਤੇ ਨਿਸ਼ਚਾ ਰੱਖਣਾ ਕਿ ਸਾਨੂੰ ਛੁਡਾ ਲਵੇਗਾ, ਵਿਅਰਥ ਹੈ। ਏਲਚੀ ਸੁਣਕੇ ਵੱਡਾ ਅਨੰਦ ਹੋਯਾ, ਅਰ ਅਪਨੇ ਸਫਰ ਦੇ ਸਮਾਚਾਰਾਂ ਵਿੱਚ ਇਸ ਸਮਾਚਾਰ ਦੀ ਵੱਡੀ ਉਪਮਾ ਲਿਖੀ ਹੈ।

ਸੰ: ੧੭੦੮ਬਿ: (1651 ਈ.) ਵਿੱਚ ਹਿੰਡੂਰ ਤੇ ਕਹਲੂਰ ਦੇ ਰਾਜੇ ਦਰਸ਼ਨ ਨੂੰ ਆਏ, ਅਰ ਉਪਦੇਸ਼ ਪਾਕੇ ਆਨੰਦ ਹੋਏ, ਅਰ ਗੁਰੂ ਜੀ ਦੇ ਜੋਧੇ ਤੇ ਪਹਿਲਵਾਨਾਂ ਅਸਵਾਰਾਂ ਆਦਿਕ ਨੂੰ ਦੇਖਕੇ ਪਰਸਿੰਨ ਹੋਏ।

ਫੇਰ ਇਥੋਂ ਤੁਰਕੇ ਜਲੰਧਰ ਤੇ ਹੁਸ਼ਿਆਰਪੁਰ ਦੇ ਇਲਾਕਿਆਂ ਅਰ ਅਨੇਕਾਂ ਪਿੰਡਾਂ ਵਿੱਚ ਜਾ ਜਾ ਕੇ ਸੱਤ ਧਰਮ ਦਾ ਉਪਦੇਸ਼ ਦੇਣ ਲੱਗੇ ਫਿਰ ਕਰਤਾਰਪੁਰ ਵਿੱਚ ਥੰਮ ਸਾਹਬ ਨਾਮੇਂ ਗੁਰਦੁਆਰੇ ਦਾ ਦਰਸ਼ਨ ਕਰਕੇ ਅਪਨੇ ਵੱਡੇ ਭਿਰਾਉ ਧੀਰ ਮੱਲ ਨੂੰ ਮਿਲਕੇ ਕੁਝ ਚਿਰ ਓਥੇ ਰਹੇ। ਕੁਝ ਚਿਰ ਪਿੱਛੋਂ ਗੁਰੂ ਜੀ ਮਾਲਵੇ ਵੱਲ ਵਿਸਾਖ ਸੰ:੧੭੧੧ ਬਿ: (1654 ਈ.) ਨੂੰ ਇੱਕ ਪਿੰਡ ਵਿੱਚ ਚਲੇ ਗਏ। ਇੱਥੇ ਮੋਹਨ, ਕਾਲਾ, ਕਰਮਚੰਦ, ਸੰਤੂ ਆਦਿਕ ਜੋ ਫੂਲ ਦੇ ਰਾਜਿਆਂ ਦੇ ਵੱਡੇ ਸਨ, ਹਾਜ਼ਰ ਹੋਕੇ ਬੇਨਤੀ ਕਰਨ ਲੱਗੇ, ਕਿ ਕੌੜੇ, ਭੁੱਲਰ, ਧਾਲੀਵਾਲ ਆਦਕ ਕੌਮਾਂ ਸਾਨੂੰ ਡਾਢਾ ਦੁੱਖ ਦਿੰਦੀਆਂ ਹਨ, ਆਪ ਸਾਡੇ ਪੁਰ ਕ੍ਰਿਪਾ ਕਰੋ। ਗੁਰੂ ਜੀ ਨੇ ਓਨ੍ਹਾਂ ਕੌਮਾਂ ਦੇ ਸਰਦਾਰਾਂ ਨੂੰ ਸੱਦਕੇ ਸਮਝਾਯਾ, ਕਿ ਜਗਤ ਵਿੱਚ ਦਯਾ ਪਾਲਣੀ ਹੀ ਚੰਗੀ ਹੈ। ਧੱਕਾ ਕਰਨਾ ਵੱਡਾ ਬੁਰਾ ਹੈ, ਤੁਸੀਂ ਇਨ੍ਹਾਂ ਨੂੰ ਸੱਤ ਹੱਲਾਂ ਦੀ ਭੌਂ ਦੇ ਦੇਵੋ। ਪਰੰਤੂ ਉਨ੍ਹਾਂ ਹੰਕਾਰੀਆਂ ਦੇ ਕੰਨ ਪੁਰ ਜੂੰ ਬੀ ਨਾ ਤੁਰੀ, ਅਰ ਆਖਣ ਲੱਗੇ, ਕਿ ਜੇ ਇਨ੍ਹਾਂ ਪੁਰ ਰਤਾ ਕੁ ਬੀ ਦਯਾ ਕਰੀਏ ਤਾਂ ਕੱਲ ਨੂੰ ਮਾਲਕ ਹੀ ਬਣ ਬੈਠਣਗੇ। ਗੁਰੂ ਜੀ ਨੇ ਕਿਹਾ, ਤੁਸੀਂ ਨਹੀਂ ਜਾਣਦੇ ਕਿ ਅਕਾਲ ਪੁਰਖ ਦੇ ਭਾਣੇ ਅੱਗੇ ਤੁਸੀਂ ਪਲ ਨਹੀਂ ਟਿਕ ਸਕਦੇ। ਅਜ ਤੁਸੀਂ ਇਨ੍ਹਾਂ ਦੀ ਮਾਲਕੀ ਦੇ ਡਰ ਥੋਂ ਇਨ੍ਹਾਂ ਨੂੰ ਕਸ਼ਟ ਦੇ ਰਹੇ ਹੋ, ਤੇ ਹੋਣਾ ਇਹੀ ਹੈ, ਕਿ ਇਹ ਮਾਲਕ ਹੋਣਗੇ ਅਰ ਤੁਸੀਂ ਲੋਕ ਇਨ੍ਹਾਂ ਦੀ ਸੇਵਾ ਕਰੋਗੇ। ਇਹ ਕਹਿ ਕੇ ਰਾਮਚੰਦ, ਮੋਹਨ ਆਦਿਕ ਨੂੰ ਹੁਕਮ ਦਿੱਤਾ, ਕਿ ਇਥੋਂ ਤੁਰਕੇ ਜਿੱਥੇ ਤੁਹਾਨੂੰ ਰਾਤ ਪੈ ਜਾਵੇ ਓਥੇ ਹੀ ਵਸਤੀ ਪਾ ਲਓ, ਅਕਾਲ ਪੁਰਖ ਤੁਹਾਡਾ ਰਾਖਾ ਹੈ। ਸੋ ਉਨ੍ਹਾਂ ਸਿਦਕੀਆਂ ਨੂੰ ਓਥੇ ਰਾਤ ਪਈ ਜਿੱਥੇ ਅੱਜ ਕਲ ਮਹਿਰਾਜ ਨਾਮੇਂ ਨਗਰ ਹੈ। ਓਨ੍ਹਾਂ ਨੇ ਓਥੇ ਹੀ ਡੇਰੇ ਲਾ ਦਿੱਤੇ, ਪਰ ਜਦ ਜਰਵਾਣੀਆਂ ਕੌਮਾਂ ਪੈੜੇ ਆਦਿਕ ਨੂੰ ਖਬਰ ਪਹੁੰਚੀ, ਤਾਂ ਕੱਠੇ ਹੋ ਕੇ ਆ ਪਏ। ਇਧਰ ਭਾਵੇਂ ਵਿਚਾਰੇ ਨਿਰਬਲ ਸਨ, ਪਰ ਗੁਰੂ ਜੀ ਦੀ ਸਹਾਇਤਾ ਸੀ। ਸੋ ਖੂਬ ਲੜੇ, ਅਰ ਜੈਤ ਪੁਰਾਣਾ, ਜੋ ਇੱਕ ਸੂਰਮਾਂ ਤੇ ਨਾਮੀ ਸਰਦਾਰ ਸੀ, ਕਾਲੇ ਦੇ ਹੱਥੋਂ ਮਾਰਿਆ ਗਿਆ। ਭਾਂਜ ਖਾ ਕੇ ਬਾਕੀ ਸਭ ਨੱਸ ਗਏ। ਓਥੇ ਤਾਂ ਫਿਰ ਇੱਕ ਨਗਰ ਵੱਸ ਗਿਆ ਜੋ ਅੱਜ ਕਲ ਮਹਿਰਾਜ ਨਾਮ ਥੋਂ ਪ੍ਰਸਿੱਧ ਹੈ। ਇਥੇ ਜਿਹੜਾ ਉਸ ਵੇਲੇ ਦਾ ਖੂਹ ਹੈ, ਉਸਨੂੰ ਗੁਰੂ ਹਰਿਰਾਇ ਜੀ ਦਾ ਖੂਹ ਸੱਦਦੇ ਹਨ।

ਚੌਧਰੀ ਕਰਮਚੰਦ ਇਸ ਜੰਗ ਵਿੱਚ ਮਾਰਿਆ ਗਿਆ ਸੀ। ਉਸਦਾ ਭਰਾ ਕਾਲਾ ਅਪਣੇ ਸ਼ਹੀਦ ਹੋਏ ਭਰਾ ਦੇ ਅਨਾਥ ਪੁੱਤ੍ਰਾਂ ਨੂੰ, ਜੋ ਫੂਲ ਤੇ ਸੰਦਲੀ ਕਰਕੇ ਸਦਾਉਂਦੇ ਸਨ, ਮੋਢੇ ਤੇ ਚੱਕਕੇ ਗੁਰੂ ਜੀ ਅੱਗੇ ਲਿਆਇਆ। ਦੋਹਾਂ ਬਾਲਾਂ ਨੇ ਅਪਨੀ ਗੋਗੜ ਵਜਾਈ, ਜਿਸਦਾ ਤਾਤਪਰਜ ਇਹ ਸੀ, ਭਈ ਅਸੀਂ ਭੁੱਖੇ ਹਾਂ। ਗੁਰੂ ਜੀ ਨੇ ਪਰਸਿੰਨ ਹੋਕੇ ਵਰ ਦਿੱਤਾ ਕਿ, "ਜਾਓ, ਤੁਹਾਡੇ ਘੋੜੇ ਜਮਨਾ ਤੀਕ ਜਲ ਪੀਣਗੇ, ਅਰ ਰਾਜ ਤੇ ਚੌਧਰਤਾ ਮਾਣੋਗੇ।" ਇਹ ਪਟਿਆਲਾ, ਨਾਭਾ, ਜੀਂਦ ਦੇ ਰਾਜੇ ਓਸ ਫੂਲ ਦੀ ਸੰਤਾਨ ਵਿੱਚੋਂ ਹਨ। ਜਮਨਾ

**ਬਾਰੇ ਗੁਰਦਿੱਤੇ ਦੇ ਛੋਟੇ ਪੁੱਤ੍ਰ ਗੁਰੂ ਹਰਿਰਾਇ ਜੀ ਵੱਡੇ ਸੰਤ ਤੇ ਆਗਜਾਕਾਰੀ ਸਨ, ਇਸ ਕਰਕੇ ਛੇਵੇਂ ਗੁਰੂ ਜੀ ਨੇ ਗੁਰਿਆਈ ਦੀ ਗੱਦੀ ਇਨ੍ਹਾਂ ਨੂੰ ਬਖ਼ਸ਼ੀ। ਇੱਕ ਵੇਰੀਂ ਦੀ ਗੱਲ ਹੈ, ਕਿ ਗੁਰੂ ਹਰਿਰਾਇ ਜੀ ਬਾਗ਼ ਦੀ ਸੈਰ ਕਰ ਰਹੇ ਸਨ, ਕਿ ਉਨ੍ਹਾਂ ਦੇ ਜਾਮੇਂ ਨਾਲੋਂ ਜੋ ਸੌ ਕਲੀਆਂ ਦਾ ਹੁੰਦਾ ਸੀ, ਇੱਕ ਸੁੰਦਰ ਫੁੱਲ ਟੁੱਟ ਗਿਆ। ਇਹ ਦੇਖਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਿਹਾ, ਕਿ ਪਹਿਨਣੇ ਇੱਡੇ ਜਾਮੇਂ, ਤੇ ਤੁਰਨਾ ਗਾਫਲ ਹੋਕੇ। ਉਸ ਦਿਨ ਥੌਂ ਲੈਕੇ ਗੁਰੂ ਜੀ ਸਾਰੀ ਉਮਰ ਜਾਮਾਂ ਸੰਕੋਚ ਕੇ ਤੁਰਦੇ ਰਹੇ।**

ਤੀਕ ਇਨ੍ਹਾਂ ਦਾ ਰਾਜ ਹੈ ਅਰ ਤਦੇ ਹੀ ਫੂਲਕੇ ਸਦਾਉਂਦੇ ਹਨ।

ਘਰ ਆਉਂਦਿਆਂ ਕਾਲੇ ਨੂੰ ਵਹੁਟੀ ਗੁੱਸੇ ਹੋਈ, ਕਿ ਅਪਨੇ ਪੁੱਤ੍ਰਾਂ ਲਈ ਕੀ ਲਿਆਇਆ ਹੈਂ? ਸੋ ਵਿਚਾਰਾ ਫੇਰ ਦੂਸਰੇ ਦਿਨ ਅਪਨੇ ਪੁਤ ਲੈ ਬਖ਼ਸ਼ਸ਼ ਦਾ ਚਾਹਵਾਨ ਹੋ ਹਾਜ਼ਰ ਹੋਇਆ, ਜਿਸ ਪਰ ਮਹਾਰਾਜ ਜੀ ਨੇ ਕਿਹਾ, ਕਿ ਤੇਰੀ ਸੰਤਾਨ ਬੀ ਸੁਤੰਤਰ ਹੀ ਰਹੇਗੀ, ਅਰ ਅਪਣਾ ਬੀਜਿਆ ਆਪ ਵੱਢੇਗੀ, ਕਿਸੇ ਦੀ ਮੁਥਾਜ ਨਹੀਂ ਹੋਊ। ਲੋਹ ਗੜੀਏ, ਬਾਹੀਏ ਵਾਲੇ ਸਰਦਾਰ ਓਨ੍ਹਾਂ ਦੀ ਉਲਾਦ ਵਿੱਚੋਂ ਹੀ ਹਨ।

ਇਨ੍ਹਾਂ ਦਿਨਾਂ ਵਿੱਚ ਭਾਈ ਗੌਰੇ ਨੇ ਗੁਰੂ ਜੀ ਦੇ ਚੌਰ ਬਰਦਾਰ ਨੂੰ ਉਸ ਦੇ ਇੱਕ ਮਖੌਲ ਕਰਨ ਕਰਕੇ ਮਰਵਾ ਦਿੱਤਾ। ਸੋ ਗੁਰੂ ਜੀ ਨੇ ਉਸਨੂੰ ਸ੍ਰਾਪ ਦੇਕੇ ਕੱਢ ਦਿੱਤਾ।

ਧੀ:- ਮਾਂ ਜੀ ਇਹਨਾਂ ਸਤਿਗੁਰਾਂ ਨੇ ਬੀ ਕੋਈ ਜੰਗ ਕੀਤਾ ਸੀ ਕਿ ਨਹੀਂ?

ਮਾਂ:- ਨਹੀਂ ਬੱਚੀ, ਛੀਵੇਂ ਗੁਰੂ ਜੀ ਨੇ ਉਹਨਾਂ ਨੂੰ ਆਗਿਆ ਦਿੱਤੀ ਸੀ, ਕਿ ਤੁਸਾਂ 2200 ਸਵਾਰ ਤਾਂ ਅਪਣੇ ਪਾਸ ਸਦਾ ਰੱਖਣੇ, ਪਰ ਕਦੀ ਜੰਗ ਨਹੀਂ ਕਰਨਾ। ਸੋ ਉਨ੍ਹਾਂ ਨੇ ਮਹਾਰਾਜ ਜੀ ਦੇ ਹੁਕਮ ਨੂੰ ਪੂਰਾ ਪੂਰਾ ਮੰਨਿਆ। ਇੱਕ ਵੇਰੀਂ ਦੀ ਗੱਲ ਹੈ, ਜਦ ਗੁਰੂ ਜੀ ਡਰੌਲੀ ਨਾਮੇਂ ਪਿੰਡ ਥੋਂ ਕਰਤਾਰਪੁਰ ਨੂੰ ਚੱਲੇ ਤਾਂ ਓਹ ਆਪ ਤਾਂ ਸਤਲੁਜੋਂ ਪਾਰ ਹੋ ਗਏ, ਪਰ ਕਬੀਲਿਆਂ ਦੇ ਡੋਲੇ ਤੇ ਖਜ਼ਾਨਾ ਆਦਿਕ ਤੇ ਸਭ ਕੁਝ ਪਿੱਛੇ ਰਹਿ ਗਿਆ ਸੀ। ਇਥੇ ਕੁ ਪਾਤਸ਼ਾਹੀ ਫ਼ੌਜ਼ ਲਹੌਰੋਂ ਦਿੱਲੀ ਜਾਂਦੀ ਉਤਰੀ ਹੋਈ ਸੀ, ਉਨ੍ਹਾਂ ਦੇ ਸਰਦਾਰ ਮੁਹੰਮਦਯਾਰ ਬੇਗ ਨੂੰ ਜਦ ਪਤਾ ਲੱਗਾ, ਕਿ ਗੁਰੂ ਜੀ ਦੇ ਡੋਲੇ ਤੇ ਖ਼ਜ਼ਾਨਾ ਉਰਾਰ ਹਨ, ਤੇ ਹੋਰ ਸਭ ਪਾਰ ਲੰਘ ਗਏ, ਝਟ ਲੁੱਟਨ ਆ ਪਏ। ਭਾਈ ਗੌਰਾ ਜੋ ਕੱਢਿਆ ਗਿਆ ਸੀ, ਸਦੀਵ ਮਗਰ ਮਗਰ ਰਹਿੰਦਾ ਸੀ, ਕਿ ਕੋਈ ਸਮਾਂ ਮਿਲੇ ਤਾਂ ਬਖ਼ਸ਼ਾਵਾਂ, ਸੋ ਸੁਣ ਖ਼ਬਰ ਪਾਉਂਦਾ ਹੀ ਅਪਣੇ ਸਾਥੀਆਂ ਸਣੇ ਡੋਲਿਆਂ ਦੀ ਰਾਖੀ ਨੂੰ ਆ ਖੜੋਤਾ, ਅਰ ਪਾਤਸ਼ਾਹੀ ਫ਼ੌਜ਼ ਨਾਲ ਲੜਕੇ ਉਹਨਾਂ ਦੇ ਅਜਿਹੇ ਦੰਦ ਖੱਟੇ ਕੀਤੇ, ਕਿ ਪਾਤਸ਼ਾਹੀ ਫ਼ੌਜ ਨੱਸ ਗਈ। ਭਾਈ ਗੌਰੇ ਨੇ ਡੋਲੇ ਤੇ ਸਭ ਕੁਝ ਦਰਿਆਓਂ ਪਾਰ ਗੁਰੂ ਜੀ ਪਾਸ ਪੁਚਾ ਦਿੱਤਾ। ਗੁਰੂ ਜੀ ਵੱਡੇ ਪਰਸਿੰਨ ਹੋਏ, ਅਰ ਉਸ ਨੂੰ ਬਖ਼ਸ਼ ਦਿੱਤਾ।

ਫੇਰ ਨੂਰਮਹਲ ਆਦਿਕ ਬਥੇਰੇ ਪਿੰਡੀਂ ਉਪਦੇਸ਼ ਦਿੰਦੇ ਗੋਇੰਦਵਾਲ ਆਏ। ਇਨ੍ਹੀਂ ਦਿਨੀਂ ਔਰੰਗਜ਼ੇਬ ਨੇ ਅਪਨੇ ਪਿਤਾ ਸ਼ਾਹਜਹਾਨ ਨੂੰ ਕੈਦ ਕਰਕੇ ਤਖ਼ਤ ਖੋਹ ਲੀਤਾ, ਤੇ ਤਖ਼ਤ ਦੇ ਵਾਰਸ ਵੱਡੇ ਭਰਾ ਦਾਰਾਸ਼ਕੋਹ ਨੂੰ ਜਿੰਦ ਬਚਾਉਣ ਲਈ, ਅਫ਼ਗ਼ਾਨਸਤਾਨ ਨੂੰ ਨੱਸਣਾ ਪਿਆ। ਸੋ ਪਹਲੇ ਤਾਂ ਭੱਜ ਕੇ ਓਹ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਯਾ, ਅਰ ਅਜੇ ਆਇਆ ਹੀ ਸੀ, ਜੋ ਖਬਰ ਆਈ, ਕਿ ਪਾਤਸ਼ਾਹੀ ਫੌਜ ਬਿਆਸਾ ਦੇ ਕੰਢੇ ਆ ਪਹੁੰਚੀ। ਇਹ ਸੁਣ ਦਾਰਾ ਨੇ ਬੇਨਤੀ ਕੀਤੀ, ਕਿ ਕਿਵੇਂ ਇੱਕ ਦਿਨ ਇਸ ਬਲਾ ਨੂੰ ਟਾਲੋ ਜੋ ਮੈਂ ਲਾਹੌਰ ਅੱਪੜ ਪਵਾਂ। ਸੋ ਗੁਰੂ ਜੀ ਦੀ ਅਜਿਹੀ ਕ੍ਰਿਪਾ ਹੋਈ ਕਿ ਪਾਤਸ਼ਾਹੀ ਫ਼ੌਜ ਇੱਕ ਦਿਨ ਰਾਤ ਤੀਕਰ ਪਾਰ ਅਟਕੀ ਰਹੀ, ਕਿਉਂਕਿ ਨਦੀ ਵਿੱਚ ਕਾਂਗ ਆ ਗਈ ਸੀ। ਸੋ ਦਾਰਾ ਵਿਚਾਰੇ ਨੂੰ ਲਹੌਰ ਪਹੁੰਚਣ ਦਾ ਚੰਗਾ ਸਮਾਂ ਮਿਲ ਗਿਆ। ਇੱਥੋਂ ਗੁਰੂ ਜੀ ਖਡੂਰ, ਤਰਨਤਾਰਨ ਹੁੰਦੇ ਹੋਏ ਦੀਪਮਾਲਾ ਪੁਰ ਅੰਮ੍ਰਿਤਸਰ ਜੀ ਅੱਪੜੇ। ਮੇਲੇ ਪਰ ਵੱਡੀਆਂ ਸੰਗਤਾਂ ਆਈਆਂ, ਅਰ ਉਪਦੇਸ਼ ਪਾਕੇ ਅਨੰਦ ਹੋਈਆਂ, ਇੱਥੋਂ ਪਿੰਡੀਂ ਥਾਈਂ ਉਪਦੇਸ਼ ਦਿੰਦੇ ਫੇਰ ਕੀਰਤਪੁਰ ਅੱਪੜੇ।

ਹੁਣ ਹਿੰਦ ਦਾ ਪਾਤਸ਼ਾਹ ਔਰੰਗਜ਼ੇਬ ਹੋ ਗਿਆ ਸੀ, ਇਹ ਜ਼ਾਲਮ ਪਾਤਸ਼ਾਹ ਸਭ ਹਿੰਦੂਆਂ ਨੂੰ ਮੁਸਲਮਾਨ ਕਰਨਾ ਚਾਹੁੰਦਾ ਸੀ, ਇਸੇ ਕਰਕੇ ਇਸ ਨੇ ਹਿੰਦੂਆਂ ਪਰ ਹਰ ਤਰ੍ਹਾਂ ਦੇ ਧੱਕੇ ਤੇ ਜ਼ੁਲਮ ਕਰਨੇ ਅਰੰਭ ਕੀਤੇ। ਅਰ ਇਸ ਨੂੰ ਇਹ ਬੀ ਖ਼ਬਰ ਮਿਲ ਗਈ, ਕਿ ਪੰਜਾਬ ਵਿੱਚ ਇੱਕ ਗੁਰੂ ਹਨ, ਜਿਨ੍ਹਾਂ ਦੇ ਪਿੱਛੇ ਸਾਰੇ ਹਿੰਦੂ ਹਨ, ਜੇਕਰ ਓਹ ਦੀਨ ਵਿੱਚ ਆ ਜਾਣ ਤਾਂ ਹਿੰਦੂ ਸੌਖੇ ਹੀ ਕਾਬੂ ਆ ਜਾਣਗੇ। ਨਾਲ ਹੀ ਉਸਨੂੰ ਇਹ ਭੀ ਖ਼ਬਰ ਲੱਗੀ ਕਿ ਦਾਰਾਸ਼ਕੋਹ ਓਹਨਾਂ ਦੇ ਪਾਸ ਜਾ ਲੁਕਿਆ ਸੀ, ਇਸ ਕਰਕੇ ਬਹਾਨੇ ਨਾਲ ਓਨ੍ਹਾਂ ਨੂੰ ਸੱਦ ਘੱਲਿਆ। ਗੁਰੂ ਜੀ ਅਜਿਹੇ ਪਾਪੀ ਦੇ ਮੱਥੇ ਬੀ ਨਹੀਂ ਲੱਗਣਾ ਚਾਹੁੰਦੇ ਸਨ। ਆਪ ਨਾ ਗਏ, ਪਰ ਵੱਡੇ ਪੁੱਤ੍ਰ ਰਾਮ ਰਾਇ ਨੂੰ ਦਿੱਲੀ ਘੱਲ ਦਿੱਤਾ, ਅਰ ਤੁਰਨ ਵੇਲੇ ਕਿਹਾ, ਕਿ ਜਦ ਤੀਕ ਗੁਰੂ ਨਾਨਕ ਦੇਵ ਜੀ ਦੇ ਸੱਤ ਧਰਮ ਪਰ ਦ੍ਰਿੜ੍ਹ ਰਹੇਂਗਾ, ਅਸੀਂ ਤੇਰੇ ਅੰਗ ਸੰਗ ਹੈ, ਅਰ ਤੇਰੀ ਜ਼ੁਬਾਨ ਵਿੱਚ ਬਰਕਤ ਹੋਵੇਗੀ।


ਰਾਮਰਾਇ ਨੇ ਦਿੱਲੀ ਪਹੁੰਚ ਕੇ ਪਾਤਸ਼ਾਹ ਨਾਲ ਮੁਲਾਕਾਤ ਕਰਕੇ, ਅਜਿਹੇ ਅਚਰਜ ਕੰਮ ਅਰ ਕਰਾਮਾਤਾਂ ਦਿਖਾਈਆਂ, ਕਿ ਪਾਤਸ਼ਾਹ ਨੂੰ ਹੱਥਾਂ ਵਿੱਚ ਲੈ ਲਿਆ। ਇੱਕ ਦਿਨ ਪਾਤਸ਼ਾਹ ਨੇ ਪ੍ਰਸ਼ਨ ਕੀਤਾ, ਕਿ ਤੁਹਾਡੇ ਗੁਰੂ ਨਾਨਕ ਜੀ ਨੇ ਆਪਣੇ ਗ੍ਰੰਥ ਵਿੱਚ ਇਹ ਤੁਕ ਕਿਉਂ ਲਿਖੀ ਹੈ- ''ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ'' ਰਾਮ ਰਾਇ ਨੇ ਉਸ ਨੂੰ ਖੁਸ਼ ਕਰਨ ਲਈ ਕਿਹਾ, ਕਿ ਨਹੀਂ ਹਜ਼ੂਰ ਓਥੇ ਲਿਖਾਰੀ ਦੀ ਭੁੱਲ ਹੈ ''ਮਿਟੀ ਬੇਈਮਾਨ ਕੀ'' ਹੈ, ਸਾਡੇ ਗੁਰੂ ਦਾ ਇਹ ਭਾਵ ਨਹੀਂ ਹੈ। ਪਾਤਸ਼ਾਹ ਤਾਂ ਚੁੱਪ ਰਿਹਾ, ਪਰ ਜਦ ਇਹ ਖ਼ਬਰ ਗੁਰੂ ਜੀ ਨੂੰ ਮਿਲੀ, ਤਦ ਉਨ੍ਹਾਂ ਓਸੇ ਵੇਲੇ ਕਹਿ ਦਿੱਤਾ, ਕਿ ਰਾਮਰਾਇ ਕੱਚਾ ਕੁਸ਼ਾਮਤੀ ਹੈ, ਸਾਡੇ ਮੱਥੇ ਨਾ ਲੱਗੇ। ਪਾਪ ਖਿਮਾਂ ਕਰਾਉਣ ਲਈ ਰਾਮਰਾਇ ਕੀਰਤਪੁਰ ਆਯਾ, ਅਰ ਬਥੇਰੇ ਜਤਨ ਕੀਤੇ ਕਿ ਬਖਸ਼ਿਆ ਜਾਵਾਂ, ਪਰ ਗੁਰੂ ਜੀ ਨੇ ਉਸ ਕੁਸ਼ਾਮਤੀ ਦੀ ਸੂਰਤ ਨਾ ਡਿੱਠੀ। ਛੇਕੜ ਉਸਨੇ ਪੁੱਛ ਘੱਲਿਆ ਕਿ ਆਪ ਤਿਆਗਦੇ ਹੋ ਤਾਂ ਹੁਣ ਮੈਂ ਕਿੱਧਰ ਜਾਵਾਂ? ਹੁਕਮ ਹੋਯਾ ਕਿ ਜਿੱਧਰ ਤੇਰਾ ਮੂੰਹ ਹੈ। ਸੋ ਵਿਚਾਰਾ ਲਹੌਰ ਨੂੰ ਚਲਾ ਗਿਆ। (ਰਾਮਰਾਇ ਫੇਰ ਇੱਕ ਦੂਨ ਵਿੱਚ ਜਾ ਰਹਿਆ ਜਿੱਥੇ ਡੇਰਾ ਦੂਨ ਨਗਰ ਵਸਿਆ। ਇਥੇ ਉਸ ਦੀ ਸਮਾਧ ਹੈ, ਜਿਸ ਨਾਲ ਹਜ਼ਾਰਾਂ ਦੀ ਆਮਦਨ ਹੈ, ਉਧਰ ਰਾਮਰਾਇ ਦੀ ਸੰਗਤ ਬੀ ਹੈ।)

ਇਸਦੇ ਕੁਝ ਕਾਲ ਮਗਰੋਂ ਗੁਰੂ ਜੀ ਨੇ ਆਪਦੇ ਛੋਟੇ ਪੁੱਤ੍ਰ ਹਰਿਕ੍ਰਿਸ਼ਨ ਜੀ ਨੂੰ, ਜਿਨ੍ਹਾਂ ਦੀ ਅਵਸਥਾ ਪੰਜ ਬਰਸ ਦੀ ਸੀ, ਅਪਨੀ ਦਾਤ ਬਖ਼ਸ਼ੀ। ਅਰ ਆਤਮਕ ਗੁਣ ਤੇ ਸ਼ਕਤੀਆਂ ਸਭ ਉਨ੍ਹਾਂ ਨੂੰ ਬਖ਼ਸ਼ ਕੇ, ਗੁਰੂ ਥਾਪ ਦਿੱਤਾ, ਤੇ ਆਪ 31 ਵਰ੍ਹੇ ਦੀ ਅਵਸਥਾ ਵਿੱਚ ਸਤਾਰਾਂ ਕੁ ਵਰ੍ਹੇ ਗੁਰਿਆਈ ਕਰਕੇ ਸੰ: 1718 ਬਿ: (1661 ਈ.) ਕੱਤਕ ਸੁਦੀ ਨੌਮੀਂ ਐਤਵਾਰ ਨੂੰ ਛੀ ਘੜੀਆਂ ਦਿਨ ਰਹੇ ਸੱਚਖੰਡ ਨੂੰ ਪਧਾਰ ਗਏ।

✧ ✧ ✧ ✧ ✧

# ਤਾਲਿਬ-ਏ-ਹੱਕ ਭਗਤ ਰਵਿਦਾਸ ਜੀ

❖ ਸਰਬਜੀਤ ਕੌਰ*



ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ-ਫ਼ਕੀਰਾਂ-ਯੋਧਿਆਂ ਦੀ ਧਰਤੀ ਮੰਨੀ ਜਾਂਦੀ ਹੈ। ਇਹ ਉਹ ਧਰਤੀ ਹੈ ਜਿੱਥੇ ਪੈਗੰਬਰਾਂ ਦਾ ਜਨਮ ਉਸ ਵੇਲੇ ਹੋਇਆ ਜਦੋਂ ਇਸ ਧਰਤੀ ਉੱਤੇ ਗ਼ਲਤ ਰੀਤੀ-ਰਿਵਾਜ਼ ਜ਼ੋਰਾ ਸ਼ੋਰਾਂ ਉੱਤੇ ਚੱਲ ਰਹੇ ਸਨ। ਉਸ ਸਮੇਂ ਸਾਡੇ ਗੁਰ-ਅਵਤਾਰਾਂ ਦਾ ਆਗਮਨ ਇਸ ਧਰਤੀ ਉੱਤੇ ਹੋਇਆ ਜਿਨ੍ਹਾਂ ਜਨ-ਸਾਧਾਰਨ ਨੂੰ ਇਨ੍ਹਾਂ ਗ਼ਲਤ ਰੀਤੀ ਰਿਵਾਜ਼ਾਂ 'ਚੋਂ ਕੱਢ ਸੱਚ ਦੇ ਰਾਹੇ ਪਾਇਆ। ਹੌਲੀ-ਹੌਲੀ ਸਮਾਂ ਆਪਣੀ ਚਾਲ ਚਲਦਾ ਗਿਆ, ਗੁਰੂ ਸਾਹਿਬਾਨ ਦੁਆਰਾ ਧੁਰ ਕੀ ਬਾਣੀ ਨੂੰ ਕਲਮਬੱਧ ਕਰ ਕੇ ਜਨ ਸਾਧਾਰਨ ਨੂੰ ਸੌਂਪਿਆ ਗਿਆ ਅਤੇ ਆਦੇਸ਼ ਦਿੱਤਾ ਗਿਆ ਕਿ ਸ਼ਬਦ ਹੀ ਗੁਰੂ ਹੈ। ਸ਼ਬਦ ਗੁਰੂ ਨੂੰ ਇਕ ਜਗ੍ਹਾ ਇਕੱਤਰ ਕਰ ਕੇ ਉਸ ਨੂੰ ਨਾਮ ਦਿੱਤਾ ਗਿਆ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ, ਜੋ ਮਾਨਸਿਕਤਾ ਨੂੰ ਸਕਾਰਾਤਮਕ ਭਾਵਨਾਵਾਂ ਨਾਲ ਭਰ ਦਿੰਦਾ ਹੈ। ਜਿਸ ਮਨੁੱਖ ਨੇ ਵੀ ਇਸ ਇਲਾਹੀ ਬਾਣੀ ਨੂੰ ਸਮਝਿਆ ਤੇ ਜੀਵਨ ਦਾ ਆਧਾਰ ਬਣਾਇਆ ਹੈ ਉਸ ਨੇ ਆਪਣੇ ਪੰਜਾਂ ਵਿਕਾਰਾਂ ਤੋਂ ਨਿਜਾਤ ਹਾਸਲ ਕਰ ਲਈ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਆਪਣੇ ਗੁਰਿਆਈ ਕਾਲ ਦੌਰਾਨ ਇਸ ਬਾਣੀ ਦੇ ਖ਼ਜ਼ਾਨੇ ਨੂੰ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ, 11 ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਉੱਥੇ ਹੀ ਗੁਰੂ ਪਾਤਸ਼ਾਹ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਪੰਦਰਾਂ ਭਗਤਾਂ ਦੀ ਬਾਣੀ ਨੂੰ ਇਸ ਅਨਮੁੱਲੇ ਖ਼ਜ਼ਾਨੇ ਦਾ ਹਿੱਸਾ ਬਣਾਇਆ। ਇਨ੍ਹਾਂ ਪੰਦਰਾਂ ਭਗਤਾਂ ਵਿੱਚੋਂ ਹੀ ਭਗਤ ਰਵਿਦਾਸ ਜੀ ਦਾ ਨਾਂ ਵਰਨਣਯੋਗ ਹੈ। ਭਗਤ ਰਵਿਦਾਸ ਜੀ ਨੇ ਮਨੁੱਖਤਾ ਵਿਚ ਸਾਂਝੀਵਾਲਤਾ ਦਾ ਸੰਦੇਸ਼ ਦਿੰਦਿਆਂ ਆਪਸੀ ਪਿਆਰ ਤੇ ਸਮਾਨਤਾ ਦੀ ਭਾਵਨਾ ਨੂੰ ਪ੍ਰਗਟ ਕੀਤਾ, ਤੇ ਤਤਕਾਲੀ ਸਮਾਜ ਵਿਚ ਫੈਲੀਆਂ ਬੁਰਾਈਆਂ, ਊਚ-ਨੀਚ, ਛੂਤ-ਛਾਤ ਤੇ ਨਾ-ਬਰਾਬਰੀ ਦੀ ਭਾਵਨਾ ਦਾ ਜ਼ੋਰਦਾਰ ਖੰਡਨ ਕੀਤਾ। ਭਗਤ ਰਵਿਦਾਸ ਜੀ ਦੀ ਵਿਚਾਰਧਾਰਾ ਵਿਚ ਇਨਹਾਂ ਸਮਾਜਿਕ ਆਡੰਬਰਾਂ ਨੂੰ ਜੜ੍ਹੋਂ ਖ਼ਤਮ ਕਰ ਕੇ ਇੱਕ ਸੱਚ ਦੇ ਨਾਲ ਜੋੜਨ ਅਤੇ ਬਰਾਬਰਤਾ ਦੀ ਸੋਚ ਪੈਦਾ ਕਰਨ ਦਾ ਸੰਦੇਸ਼ ਸੀ। ਭਗਤ ਰਵਿਦਾਸ ਜੀ ਦਾ ਜਨਮ ਅਜਿਹੇ ਸਮੇਂ ਵਿਚ ਹੋਇਆ ਜਦੋਂ ਸਮਾਜ ਜਾਤਾਂ-ਪਾਤਾਂ ਦੇ ਤਾਣੇ ਵਿੱਚ ਉਲਝਿਆ ਹੋਇਆ ਸੀ, ਜਿਸ ਵਿੱਚ ਇੱਕ ਪਾਸੇ ਵਿਦੇਸ਼ੀ ਹਕੂਮਤਾਂ, ਦੂਜੇ ਪਾਸੇ ਸਵਦੇਸ਼ੀ ਹਕੂਮਤਾਂ ਅਤੇ ਬ੍ਰਾਹਮਣਵਾਦੀ ਵਿਚਾਰਧਾਰਾ ਲੋਕਾਂ ਨੂੰ ਵਰਣਾਂ ਵਿੱਚ ਵੰਡ ਰਹੀ ਸੀ। ਇਸ ਬਿਰਤੀ ਨੇ ਪ੍ਰਮਾਤਮਾ ਦੀ ਸਿਰਜੀ ਇਸ ਸ੍ਰਿਸ਼ਟੀ ਵਿਚ ਊਚ-ਨੀਚ ਦਾ ਪਾੜਾ ਪਾ ਕੇ ਮਨੁੱਖਤਾ ਦਾ ਬਟਵਾਰਾ ਕੀਤਾ ਹੋਇਆ ਸੀ। ਬਹੁਤੇ ਵਿਦਵਾਨਾਂ ਮੁਤਾਬਕ ਭਗਤ ਰਵਿਦਾਸ ਜੀ ਦਾ ਜਨਮ 1376 ਈ. 'ਚ ਉੱਤਰ ਪ੍ਰਦੇਸ਼ ਦੇ ਬਨਾਰਸ ਵਿੱਚ ਰਘੂ ਰਾਏ ਜੀ ਦੇ ਘਰ ਮਾਤਾ ਕਰਮਾ ਦੇਵੀ ਜੀ ਦੀ ਕੁੱਖੋਂ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਰਵਿਦਾਸ ਜੀ ਦੀ ਬਾਣੀ ਦੇ 40 ਸ਼ਬਦ 16 ਰਾਗਾਂ ਵਿਚ ਦਰਜ ਹਨ। ਭਗਤ ਰਵਿਦਾਸ ਜੀ ਨੇ ਲੋਕਾਈ ਲਈ ਜੋ ਮੁੱਖ ਕਾਰਜ ਕੀਤੇ ਉਹ ਸਨ ਲੋਕਾਈ 'ਚ ਜਾਤ ਪਾਤ ਦੀ ਨਿਖੇਧੀ ਤੇ ਮੂਰਤੀ ਪੂਜਾ ਦਾ ਵਿਰੋਧ ਕਰਨਾ। ਭਗਤ ਰਵਿਦਾਸ ਜੀ ਅਖੌਤੀ ਨੀਵੀਂ ਜਾਤੀ ਨਾਲ ਸਬੰਧ ਰੱਖਦੇ ਸਨ। ਉਸ ਸਮੇਂ ਦੇ ਹਾਲਾਤ ਅਖੌਤੀ ਨੀਵੀਂ ਜਾਤੀ ਨਾਲ ਸਬੰਧ ਰੱਖਣ ਵਾਲੇ ਮਨੁੱਖ ਲਈ ਬਹੁਤ ਜ਼ਿਆਦਾ ਔਖੇ ਸਨ ਕਿਉਂਕਿ ਹਰ ਪਾਸੇ ਕਰਮ-ਕਾਂਡ ਦਾ ਬੋਲਬਾਲਾ ਸੀ ਅਤੇ ਸਮੇਂ ਦੇ ਹਾਕਮ ਵੀ ਉੱਚ ਜਾਤੀ ਨਾਲ ਸਬੰਧਤ ਹੋਣ ਦੇ ਕਾਰਨ ਨੀਵੀਂ ਜਾਤ ਦੇ ਮਨੁੱਖ ਨੂੰ ਚੰਗਾ ਨਹੀਂ ਸਮਝਦੇ ਸਨ। ਭਗਤ ਰਵਿਦਾਸ ਜੀ ਨੇ ਇਨ੍ਹਾਂ ਸਭਨਾਂ ਵਿਰੁਧ ਆਪਣੀ ਬਾਣੀ ਰਾਹੀਂ ਅਵਾਜ਼ ਬੁਲੰਦ ਕੀਤੀ। ਮਨੁੱਖਤਾ ਦੀ ਖਾਤਰ ਬੁਲੰਦ ਕੀਤੀ ਇਸ ਅਵਾਜ਼ ਦੀ ਕਨਸੋਅ ਜਦ ਗੁਰੂ ਅਰਜਨ ਦੇਵ ਤੱਕ ਪਹੁੰਚੀ ਤਾਂ ਉਨ੍ਹਾਂ ਇਸਨੂੰ ਆਦਿ ਗ੍ਰੰਥ 'ਚ ਹਮੇਸ਼ਾ ਵਾਸਤੇ ਸੁਰੱਖਿਅਤ ਕਰ ਲਿਆ। ਇਹ ਭਗਤ ਰਵਿਦਾਸ ਦੀ ਮਨੁੱਖਤਾ ਨੂੰ ਦੇਣ ਸੀ ਕਿ ਖਾਸ ਵਰਗ ਤੱਕ ਸੀਮਤ ਧਰਮ, ਆਮ ਲੋਕਾਂ ਦੇ ਜੀਵਨ ਦਾ ਆਧਾਰ ਬਣਿਆ। ਇਹ ਇਕ ਤਰ੍ਹਾਂ ਨਾਲ ਧਰਮ ਨੂੰ ਪੱਥਰਾਂ ਦੇ ਮੰਦਿਰਾਂ ਵਿੱਚੋਂ ਕੱਢ ਕੇ ਮਨੁੱਖੀ ਮਨ ਰੂਪੀ ਮੰਦਰ ਤਕ ਪਹੁੰਚਾਉਣ ਦਾ ਉਪਰਾਲਾ ਸੀ। ਇਹ ਭਗਤ ਰਵਿਦਾਸ ਜੀ ਦੀ ਕੁਰਬਾਨੀ ਹੈ ਜਿਨ੍ਹਾਂ ਨੇ ਉਸ ਜਾਤੀ ਨੂੰ ਸੱਚ ਨਾਲ ਜੋੜਿਆ ਜਿਨ੍ਹਾਂ ਨੂੰ ਉਚ ਵਰਗ ਵੱਲੋਂ ਘ੍ਰਿਣਾ ਕੀਤੀ ਜਾਂਦੀ ਸੀ। "ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿਕੀਰਤਿ ਨਿਮਖ ਇਕ

ਗਾਇ" ਜਿਸ ਨੂੰ ਲੋਕ ਨੀਵੀਂ ਜਾਤੀ ਵਾਲਾ ਕਹਿੰਦੇ ਸਨ ਉਹ ਐਨੇ ਉੱਚੇ ਮੁਕਾਮ ਤੇ ਸੁਸ਼ੋਭਿਤ ਹੋਇਆ ਜਿੱਥੇ ਚਾਰ ਵਰਨ ਦੇ ਲੋਕ ਉਸ ਦੇ ਚਰਨੀ ਆ ਕੇ ਲੱਗ ਗਏ।

ਉਸ ਸਮੇਂ ਦੇ ਹਾਲਾਤ ਅਖੌਤੀ ਨੀਵੀਂਆਂ ਜਾਤਾਂ ਲਈ ਬਹੁਤ ਮਾੜੇ ਸਨ ਤੇ ਇਨਾਂ ਨੂੰ ਸ਼ੂਦਰ ਆਖ ਕੇ ਬੁਲਾਇਆ ਜਾਂਦਾ ਸੀ। ਇਨ੍ਹਾਂ ਸ਼ੂਦਰਾਂ 'ਤੇ ਬਹੁਤ ਸਾਰੀਆਂ ਪਬੰਦੀਆਂ ਲਾਈਆਂ ਹੋਈਆਂ ਸਨ ਜਿਵੇਂ ਜੇਕਰ ਉਹ ਰਸਤੇ ਵਿੱਚ ਜਾਂਦੇ ਤਾਂ ਉਨ੍ਹਾਂ ਨੂੰ ਆਪਣੇ ਗਲ ਵਿੱਚ ਇੱਕ ਟੱਲ ਪਾਉਣਾ ਪੈਂਦਾ ਸੀ ਤਾਂ ਜੋ ਅੱਗੇ ਆਉਣ ਵਾਲੇ ਰਾਹੀਆਂ ਨੂੰ ਪਤਾ ਲੱਗ ਜਾਵੇ ਤਾਂ ਉਸ ਦੇ ਪਰਛਾਵੇਂ ਤੋਂ ਵੀ ਬਚ ਕੇ ਨਿਕਲਣ। ਇਸ ਦੇ ਨਾਲ ਹੀ ਉਸ ਸ਼ੂਦਰ ਜਾਤੀ ਦੇ ਮਨੁੱਖ ਦੇ ਪਾਏ ਹੋਏ ਕੱਪੜੇ ਨਾਲ ਪਿੱਛੇ ਇੱਕ ਟਾਹਣੀ ਬੰਨ੍ਹੀ ਜਾਂਦੀ ਸੀ ਤਾਂ ਜੋ ਜਿਸ ਰਾਹੀਂ ਉਹ ਜਾ ਰਿਹਾ ਹੈ ਉਸ ਦੀਆਂ ਪੈੜਾਂ ਸਾਫ਼ ਹੋ ਜਾਣ, ਕਹਿਣ ਤੋਂ ਭਾਵ ਉਸ ਦੇ ਪੈਰਾਂ ਦੇ ਨਿਸ਼ਾਨ ਵੀ ਰਾਹ ਵਿਚ ਮਿਟਾਏ ਜਾਂਦੇ ਸੀ ਤਾਂ ਜੋ ਕਿਸੇ ਬ੍ਰਾਹਮਣ ਜਾਂ ਉੱਚ ਜਾਤੀ ਮਨੁੱਖ ਦੇ ਪੈਰ ਉਸ ਦੀਆਂ ਪੈੜਾਂ ਉੱਤੇ ਨਾ ਰੱਖੇ ਜਾਣ । ਇਹ ਉਹ ਸਮਾਂ ਸੀ ਜਦੋਂ ਨੀਵੀਂ ਜਾਤ ਦੇ ਮਨੁੱਖ ਨੂੰ ਘਿਰਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਇਸ ਦੀ ਸਪੱਸ਼ਟਤਾ ਹਿਤ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ **ਮਨੂ ਸਿਮ੍ਰਤੀ** ਦਾ ਹਵਾਲਾ ਦਿੰਦਿਆਂ ਆਖਿਆ ਹੈ, ਜੇਕਰ ਕੋਈ ਬ੍ਰਾਹਮਣ ਫਲ ਤੋੜਨ ਦੇ ਲਈ ਦਰੱਖਤ ਉੱਤੇ ਚੜ੍ਹਦਾ ਸੀ ਤੇ ਉਸ ਸਮੇਂ ਜੇਕਰ ਕਿਸੇ ਸ਼ੂਦਰ ਜਾਤੀ ਵਾਲੇ ਬੰਦੇ ਦਾ ਉਸ ਦਰੱਖਤ ਦੇ ਥੱਲਿਓਂ ਲੰਘਦਿਆਂ ਪਰਛਾਵਾਂ ਉਸ ਦਰੱਖਤ ਉੱਤੇ ਪੈ ਜਾਂਦਾ ਤਾਂ ਉਸ ਦਰੱਖਤ ਦਾ ਫਲ ਵੀ ਬ੍ਰਾਹਮਣ ਜਾਤੀ ਦੇ ਮਨੁੱਖ ਲਈ ਇਕ ਜ਼ਹਿਰ ਮੰਨਿਆ ਜਾਂਦਾ ਸੀ। ਅਜਿਹੇ ਹਾਲਾਤਾਂ ਵਿਚ ਸੱਚ ਦਾ ਪ੍ਰਚਾਰ ਕਰਨ ਵਾਲੇ ਨੂੰ ਵੀ ਦੋਸ਼ੀ ਕਿਹਾ ਜਾਂਦਾ ਸੀ ਤੇ ਹਕੂਮਤਾਂ ਹੱਥੋਂ ਇਨ੍ਹਾਂ ਸੱਚੇ ਬੰਦਿਆਂ ਨੂੰ ਵੀ ਕਈ ਵਾਰ ਕਈ ਤਰ੍ਹਾਂ ਦੇ ਕਸ਼ਟ ਸਹਾਰਨੇ ਪਏ।

**ਮਨੂ ਸਿਮ੍ਰਤੀ** ਵਿੱਚ ਅੱਗੇ ਲਿਖਿਆ ਹੋਇਆ ਮਿਲਦਾ ਹੈ, ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਸੁਣਦਾ ਹੈ ਤਾਂ ਉਸ ਦੇ ਕੰਨ ਵਿਚ ਸਿੱਕਾ ਪਿਘਲਾ ਕੇ ਪਾ ਦਿੱਤਾ ਜਾਵੇ ਅਤੇ ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਕਰਦਾ ਹੈ ਤਾਂ ਉਸ ਦੀ ਜੀਭ ਕੱਟ ਦਿੱਤੀ ਜਾਵੇ, ਅਜਿਹੇ ਹਾਲਾਤਾਂ ਦੇ ਵਿੱਚ ਭਗਤ ਰਵਿਦਾਸ ਜੀ ਦਾ ਬਾਣੀ ਰਾਹੀਂ ਮਨੁੱਖੀ ਬਰਾਬਰਤਾ ਤੇ ਸਮਾਨਤਾ ਲਈ ਅਵਾਜ਼ ਚੁੱਕਣਾ ਉਸ ਸਮੇਂ ਦੇ ਹਿਸਾਬ ਨਾਲ ਇਕ ਕ੍ਰਾਂਤੀਕਾਰੀ ਜਤਨ ਸੀ ਜਿਸ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੋਧ ਵਿਚ ਪੈਦਾ ਹੋਈ ਭਗਤੀ ਲਹਿਰ ਨੂੰ ਹੋਰ ਬਲ ਪ੍ਰਦਾਨ ਕੀਤਾ। ਇਸ ਭਗਤੀ ਲਹਿਰ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਅਜਿਹੀ ਚੁਣੌਤੀ ਦਿੱਤੀ ਜਿਸ ਨੇ ਨੀਚ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕਾਂ ਨੂੰ ਅਣਖ ਅਤੇ ਸਵੈਮਾਣ ਨਾਲ ਜਿਊਣ ਦਾ ਪਾਠ ਪੜ੍ਹਾਇਆ ਅਤੇ ਜਨ-ਸਾਧਾਰਨ ਵਿੱਚ ਇਹ ਦ੍ਰਿੜ੍ਹਤਾ ਕਾਇਮ ਕੀਤੀ ਕਿ ਕੋਈ ਵੀ ਮਨੁੱਖ ਆਪਣੇ ਕੰਮਾਂ ਕਾਰਾਂ ਕਰਕੇ ਛੋਟਾ-ਵੱਡਾ ਨਹੀਂ ਹੁੰਦਾ ਸਗੋਂ ਉਸ ਦੀ ਸੋਚ ਹੀ ਉਸ ਨੂੰ ਛੋਟਾ ਜਾਂ ਵੱਡਾ ਬਣਾਉਂਦੀ ਹੈ, ਇਸ ਦੀ ਸਪੱਸ਼ਟਤਾ ਲਈ ਹੀ ਭਗਤ ਰਵਿਦਾਸ ਜੀ ਨੇ ਕਦੇ ਵੀ ਆਪਣੇ ਆਪ ਨੂੰ ਜਾਂ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਕਿਤੇ ਲੁਕਾਉਣ ਦਾ ਯਤਨ ਕਦੇ ਨਹੀਂ ਕੀਤਾ ਸਗੋਂ ਡੰਕੇ ਦੀ ਚੋਟ ਤੇ ਕਿਹਾ ਕਿ "ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸਾ ਪਾਸਾ" (ਅੰਗ-1283)

ਹੋਰ ਭਗਤਾਂ ਵਾਂਗ ਰਾਮਾਨੰਦ ਭਗਤ ਰਵਿਦਾਸ ਦੇ ਗੁਰੂ ਮੰਨੇ ਗਏ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ **ਮਹਾਨ ਕੋਸ਼** ਵਿਚ ਭਗਤ ਰਵਿਦਾਸ ਬਾਰੇ ਲਿਖਿਆ ਹੈ: ਕਾਸ਼ੀ ਦਾ ਵਸਨੀਕ ਚਮਾਰ, ਜੋ ਰਾਮਾਨੰਦ ਦਾ ਚੇਲਾ ਸੀ। **ਸ਼ਬਦਾਰਥ ਗੁਰੂ ਗ੍ਰੰਥ ਸਾਹਿਬ** ਵਿਚ ਦਰਜ ਹੈ: ਕਾਸ਼ੀ ਦਾ ਉਘਾ ਭਗਤ ਜੋ ਰਾਮਾਨੰਦ ਦਾ ਚੇਲਾ ਸੀ। ਹੋਰ ਵਿਦਵਾਨਾਂ ਨੇ ਵੀ ਰਾਮਾਨੰਦ ਜੀ ਨੂੰ ਹੀ ਭਗਤ ਰਵਿਦਾਸ ਦਾ ਗੁਰੂ ਤਸੱਵਰ ਕੀਤਾ ਹੈ। ਰਾਮਾਨੰਦ ਬ੍ਰਾਹਮਣ ਸਨ ਪਰ ਅਖੌਤੀ ਨੀਵੀਆਂ ਜਾਤਾਂ ਨਾਲ ਸੰਬੰਧਤ ਭਗਤਾਂ ਕਬੀਰ, ਰਵਿਦਾਸ, ਸੈਣ ਨੂੰ ਉਪਦੇਸ਼ ਪ੍ਰਦਾਨ ਕਰਨਾ ਸਿੱਧ ਕਰਦਾ ਹੈ ਭਗਤੀ 'ਚ ਜਾਤ-ਪਾਤ ਲਈ ਕੋਈ ਥਾਂ ਨਹੀਂ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਸਮਾਜਿਕ, ਧਾਰਮਿਕ, ਰਾਜਨੀਤਿਕ ਵਿਸ਼ਿਆਂ ਉੱਪਰ ਚਾਨਣਾ ਬੜੇ ਹੀ ਸੁਚੱਜੇ ਢੰਗ ਨਾਲ ਪਾਇਆ ਗਿਆ ਹੈ ਇਸ ਲਈ ਹੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਵੇਲੇ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਉਚੇਚੇ ਥਾਂ ਤੇ ਰੱਖਿਆ ਹੈ। ਇੱਥੇ ਇਹ ਗੱਲ ਕਹਿਣੀ ਅਤਿ ਲਾਜ਼ਮੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਨੂੰ ਬਰਾਬਰਤਾ ਦਿੱਤੀ ਗਈ ਹੈ, ਕਿਸੇ ਵੀ ਤਰ੍ਹਾਂ ਦਾ ਕੋਈ ਵੀ ਮੱਤਭੇਦ ਇਸ ਵਿੱਚ ਨਹੀਂ ਕੀਤਾ ਗਿਆ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਨੂੰ ਸਿਰਫ਼ ਸਿੱਖਾਂ ਦਾ ਗ੍ਰੰਥ ਦਾ ਨਾ ਕਹਿਕੇ ਮਨੁੱਖਤਾ ਦਾ ਸਰਬ ਸਾਂਝਾ ਗ੍ਰੰਥ ਕਿਹਾ ਜਾਏ ਤਾਂ ਵਧੇਰੇ ਵਾਜਬ ਹੋਵੇਗਾ।


"ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥" ਸ਼ਬਦ ਵਿਚ ਭਗਤ ਰਵਿਦਾਸ ਜੀ ਨੇ ਇੱਕ ਅਜਿਹੇ ਸ਼ਹਿਰ ਦਾ ਸੁਪਨਾ ਲਿਆ ਹੈ ਜਿਸ ਵਿੱਚ ਕਿਸੇ ਨੂੰ ਕੋਈ ਦੁੱਖ ਤਕਲੀਫ਼ ਨਹੀਂ ਹੋਵੇਗਾ, ਨਾਗਰਿਕਾਂ ਦੇ ਜਾਨ-ਮਾਲ ਦੀ ਗਾਰੰਟੀ ਹੋਵੇ, ਰਾਜ ਸ਼ਕਤੀਸ਼ਾਲੀ ਹੋਵੇ ਅਤੇ ਉਸਨੂੰ ਕਿਸੇ ਅੰਦਰੂਨੀ ਜਾਂ ਬਾਹਰੀ ਖ਼ਤਰੇ ਦਾ ਡਰ ਨਾ ਹੋਵੇ। ਲੋਕਾਂ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨਾ ਹੋਵੇ। ਨਾਗਰਿਕਾਂ ਦੇ ਸੁੱਖ ਸਹੂਲਤ ਦਾ ਪੂਰਾ ਖ਼ਿਆਲ ਰੱਖਿਆ ਜਾਵੇ ਅਤੇ ਸਭ ਨੂੰ ਆਜ਼ਾਦੀ ਹੋਵੇ। ਸੋ ਸਾਨੂੰ ਅਜਿਹਿਆਂ ਵਲਗਣਾਂ 'ਚੋਂ ਨਿਕਲਕੇ ਰਵਿਦਾਸ ਭਗਤ ਦੇ ਬੇਗਮਪੁਰੇ ਦੇ ਸੰਕਲਪ ਨੂੰ ਸਮਾਜ ਤੇ ਦੁਨੀਆਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਬੇਸ਼ੱਕ ਹੁਣ ਦੁਨੀਆ ਵਿੱਚ ਕਾਰਲ ਮਾਰਕਸ ਦੇ ਸਮਾਜਵਾਦੀ ਸਿਧਾਂਤ ਦੀ ਚਰਚਾ ਹੈ ਪਰ ਇਸ ਗੱਲ ਦਾ ਮਾਣ ਭਗਤ ਰਵਿਦਾਸ ਜੀ ਨੂੰ ਜਾਂਦਾ ਹੈ ਜਿਨ੍ਹਾਂ ਨੇ ਬੇਗਮਪੁਰੇ ਦੇ ਸਿਧਾਂਤ ਨੂੰ ਚਿਤਵਿਆ, ਪਰ ਪਤਾ ਨਹੀਂ ਕਿਉਂ ਸਾਡੇ ਵਿੱਚ ਆਪਣੇ ਵਿਰਸੇ ਨਾਲੋਂ ਟੁੱਟਕੇ ਦੂਜਿਆਂ ਨੂੰ ਅਪਣਾਉਣ ਦੀ ਹੋੜ ਜਿਹੀ ਲੱਗੀ ਹੋਈ ਹੈ। ਅੱਜ ਲੋੜ ਹੈ ਇਸ ਮੁੱਲਵਾਨ ਵਿਰਸੇ ਨੂੰ ਘੋਖਣ ਦੀ। ਵਿਰਸਾ ਜਿਸ ਵਿਚ ਸਮਾਜਵਾਦ ਦੇ ਸੰਕਲਪ ਪਹਿਲਾਂ ਹੀ ਮੌਜੂਦ ਹਨ। ਕਿਰਤ ਕਰਨ, ਵੰਡ ਛਕਣ ਦੀ ਗੱਲ ਗੁਰੂ ਨਾਨਕ ਸਾਹਿਬ ਨੇ ਕਹੀ ਜੋ ਕਿ ਸਮਾਜਵਾਦ ਦਾ ਅਧਾਰ ਹੈ ਸਗੋਂ ਇਸ ਵਿਚ ਨਾਮ ਦਾ ਤੱਤ ਜੋੜ੍ਹਕੇ ਉਨ੍ਹਾਂ ਉਸ ਵੇਲੇ 'ਦੈਵੀ ਸਮਾਜਵਾਦ' ਦਾ ਮੁੱਢ ਬੰਨ੍ਹਿਆ। ਗੁਰੂ ਨਾਨਕ ਸਾਹਿਬ ਤੋਂ ਪਹਿਲੋਂ ਹੋਏ ਭਗਤ ਰਵੀਦਾਸ ਦਾ 'ਬੇਗਮਪੁਰਾ' ਇਸੇ ਦੈਵੀ ਸਮਾਜਵਾਦ ਦੇ ਮਾਡਲ ਦੀ ਨਿਸ਼ਾਨਦੇਹੀ ਕਰਦਾ ਪ੍ਰਤੀਤ ਹੁੰਦਾ ਹੈ। ਬੇਗਮਪੁਰਾ ਭਗਤ ਰਵੀਦਾਸ ਦੀ ਮਨੁੱਖਤਾ ਨੂੰ ਅਜਿਹੀ ਦੇਣ ਹੈ ਜਿਸ 'ਤੇ ਅੱਜ ਦੇ ਸਮਾਜ ਨੂੰ ਸੋਚਣ, ਘੋਖਣ ਤੇ ਚੱਲਣ ਦੀ ਲੋੜ ਹੈ। ਭਗਤ ਰਵੀਦਾਸ ਦਾ ਬੇਗਮਪੁਰਾ ਮਾਡਲ ਅੱਜ ਦੇ ਸਮਾਜਕ-ਆਰਥਕ ਮਾਡਲਾਂ ਦੀ ਰੌਸ਼ਨੀ 'ਚ ਵਧੇਰੇ ਚਰਚਾ ਦੀ ਮੰਗ ਕਰਦਾ ਹੈ ਤੇ ਇਹ ਚਰਚਾ ਹੋਣੀ ਵੀ ਚਾਹੀਦੀ ਹੈ।

* ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨਿਵਰਸਿਟੀ, ਪਟਿਆਲਾ।

✧ ✧ ✧ ✧ ✧

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਕ੍ਰਿਤਾਰਥ ਜੀਵਨ




1947 ਦੇ ਅਤਯਾਚਾਰਾਂ ਦੇ ਦਿਨਾਂ ਵਿਚ ਜਦ ਹਿੰਦੂ ਸਿੱਖ ਵਸੋਂ ਪੱਛਮੀ ਪੰਜਾਬ ਤੋਂ ਤਸੀਹੇ ਭੋਗ ਭੋਗ, ਆਪਣੇ ਮਿਠੇ ਪਜਾਰੇ ਕੁਹਾ ਕੁਹਾ, ਘਰ ਬਾਹਰ ਲੁਟਾ ਲੁਟਾ, ਜ਼ਿਮੀਆਂ ਬਾਗ ਖੁਹਾ ਖੁਹਾ, ਗੁਰਦੁਆਰੇ ਤੇ ਆਸ਼ਰਮ ਰੱਬੀ ਤਕਵੇ ਤੇ ਛਡ ਛਡਾ ਭੰਨੇ ਪੂਰਬੀ ਪੰਜਾਬੀ ਨੂੰ ਆ ਰਹੇ ਸਨ, ਤਦੋਂ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਇਹਨਾਂ ਨੂੰ ਪਹਿਲਾਂ ਟਿਕਾਣਾ ਸੁਖੱਲਾ ਸਾਹ ਲੈਣ ਦਾ ਮਿਲਦਾ ਸੀ। ਇਥੇ ਕਈ ਵੇਰ 30 ਹਜ਼ਾਰ ਤੋਂ ਉਪਰ ਵੀਰ ਕੱਠੇ ਹੋ ਜਾਂਦੇ ਸਨ। ਏਥੋਂ ਫੇਰ ਅਗੇ ਨੂੰ ਟੁਰਦੇ ਸਨ। ਕੁਛ ਨੂੰ ਸਹਾਰਾ ਤਰਨ ਤਾਰਨ ਵਿਦਜਾਲਯ ਤੇ ਚੀਫ ਖਾਲਸਾ ਦੀਵਾਨ ਦੇ ਅੰਮ੍ਰਿਤਸਰ ਵਾਲੇ ਟਿਕਾਣੇ ਵਿਚ ਮਿਲ ਜਾਂਦਾ ਸੀ, ਫੇਰ ਸਜਣ ਅਗੇ ਨੂੰ ਟੁਰ ਜਾਂਦੇ ਸਨ। ਇਹਨਾਂ ਦਿਨਾਂ ਵਿਚ ਇਕ ਦਿਨ ਕੁਛ ਮਾਈਆਂ ਖਾਲਸਾ ਕਾਲਜ ਦੇ ਟਿਕਾਣੇ ਬੈਠੀਆਂ ਆਪਣੇ ਦੁਖੜੇ ਕਹਿ ਸੁਣ ਤੇ ਅੱਥਰੂ ਭਰ ਰਹੀਆਂ ਸਨ। ਇਕ ਮਾਈ ਕੋਲ ਹੀ ਚੁਪ ਬੈਠੀ ਸੀ। ਇਹਨਾਂ ਵਿਚੋਂ ਇਕ ਨੇ ਪੁਛਿਆ: 'ਬੀਬੀ ਤੂੰ ਸੁਖੀ ਆਈ ਜਾਪਦੀ ਹੈਂ, ਤੇਰਾ ਕੁਛ ਨਹੀਂ ਨਾ ਵਿਣਛਿਆ? ਸਹੀ ਸਲਾਮਤ ਆਏ ਹੋ ਨਾ?' ਉਸਨੇ ਕਿਹਾ: 'ਗੁਰ ਮੇਹਰ ਨਾਲ ਸਲਾਮਤ ਆਈ ਹਾਂ।' ਤਾਂ ਉਹਨਾਂ ਮਾਈਆਂ ਨੇ ਪੁਛਿਆ 'ਮਾਈ ਤੇਰਾ ਕੀਹ ਕੁਛ ਸਲਾਮਤ ਆਇਆ ਹੈ?' ਉਹ ਮਾਈ ਬੋਲੀ, 'ਦੋ ਨੈਣ, ਦੋ ਬਾਹਾਂ, ਦੋ ਲੱਤਾਂ ਸਾਰਾ ਸਰੀਰ ਤੇ ਸਿਰ ਦਾ ਸਾਈਂ ਸਲਾਮਤ ਆਏ ਹਨ।' ਹਰਿਆਨ ਹੋ ਕੇ ਪਹਿਲੀ ਨੇ ਪੁਛਿਆ: 'ਤੇ ਧਨ, ਮਾਲ, ਘਰ ਬਾਰ, ਡੰਗਰ ਭੌਂ ਤੇਰਾ ਕੁਛ ਨਹੀਂ ਵਿਣਛਿਆ?' ਤਾਂ ਉਸ ਮਾਈ ਨੇ ਕਿਹਾ 'ਜਦੋਂ ਜੰਮੇ ਸਾਂ ਬਿਨਾਂ ਮਾਲ ਭੋਆਂ ਦੇ ਆਏ ਸਾਂ, ਕਮਾਈਆਂ ਕੀਤੀਆਂ, ਵਾਹਿਗੁਰੂ ਨੇ ਬਰਕਤਾਂ ਪਾਈਆਂ, ਸਭ ਕੁਛ ਹੋ ਗਿਆ। ਹੁਣ ਜੇ ਦੇਣ ਹਾਰੇ ਨੇ ਲੈ ਲਿਆ ਹੈ ਤੇ ਸਰੀਰ ਸਲਾਮਤ ਹਨ ਤਾਂ ਬਰਕਤਾਂ ਪਾਏਗਾ; ਸਭ ਕੁਛ ਹੋ ਜਾਏਗਾ। ਅਸੀਂ ਤਾਂ ਗਰੀਬ ਹੋ ਗਏ ਹਾਂ, ਪਰ ਉਸ ਦੇ ਘਰ ਕਾਹਦੀ ਕਮੀ ਹੈ। ਗੁਰੂ ਨੇ ਸਾਨੂੰ ਰੱਬ ਉਤੇ ਤਕਵਾ, ਮਨ ਵਿਚ ਸਾਹਸ ਤੇ ਡੌਲਿਆਂ ਵਿਚ ਬਲ ਬਖਸ਼ਿਆ ਹੈ, ਗੁਰੂ ਭਲੀ ਕਰੇਗਾ।'

ਫਿਰ ਉਸ ਬੀਬੀ ਨੇ ਪੁਛਿਆ-ਤੇਰਾ ਜੀਅ ਜੰਤ ਸਲਾਮਤ ਆਇਆ ਹੈ?

ਮਾਈ- ਹਾਂ ਸਲਾਮਤ ਗਿਆ ਤੇ ਸਲਾਮਤ ਆਯਾ ਹੈ।

ਸਾਰੀਆਂ ਹਰਿਆਨ ਹੋ ਕੇ ਤੱਕਣ ਲੱਗ ਪਈਆਂ।

ਇਕ ਬੀਬੀ- ਕਿਵੇਂ ਮਾਈ? ਸਮਝੇ ਨਹੀਂ ਪਈ ਗੱਲ!

ਮਾਈ- ਬੀਬਿਆ! ਦੋ ਪੁਤਰ ਤੈ ਇਕ ਜਵਾਈ ਸ਼ਹੀਦ ਹੋਏ ਹਨ। ਪਰ ਤ੍ਰੈਏ ਧਰਮ ਸਲਾਮਤ ਲੈ ਕੇ ਗਏ ਹਨ। ਮਰਦਾ ਹੈ ਉਹ ਜੋ ਧਰਮ ਛੋੜਕੇ ਜੀਉਂਦਾ ਹੈ; ਜੀਉਂਦਾ ਹੈ ਉਹ ਜੋ ਧਰਮ ਨਾਲ ਲੈ ਕੇ ਮਰਦਾ ਹੈ।

ਹੁਣ ਤਾਂ ਸਾਰੀਆਂ ਕੁਛ ਸ਼ੋਕ ਤੇ ਕੁਛ ਹਰਿਆਨੀ ਵਿਚ ਆ ਕੇ ਕਾਹਲੀਆਂ ਪੈ ਕੇ ਬੋਲ ਉਠੀਆਂ:-ਕਿਵੇਂ ਕਿਵੇਂ, ਮਾਤਾ ਜੀਓ, ਕਿਵੇਂ?

'ਕਿਵੇਂ ਕਿਵੇਂ' ਦੀਆਂ ਕਿੰਨੀਆਂ ਅਵਾਜ਼ਾਂ ਸੁਣਕੇ ਮਾਈ ਤੱਕੀ ਚੁਫੇਰੇ ਤੇ ਬੋਲੀ-ਮੁਸਲਮਾਨਾਂ ਨੇ ਮੇਰੇ ਤ੍ਰੈਹਾਂ ਲਾਲਾਂ ਨੂੰ ਆਖਿਆ ਕਿ ਮੁਸਲਮਾਨ ਹੋ ਜਾਓ ਤਾਂ ਬੈਠੇ ਰਹੋ। ਘਰ ਬਾਰ, ਧਨ ਧਾਮ ਕੋਈ ਨਹੀਂ ਲੁਟਾਂਗੇ, ਸਾਡੇ ਦੀਨ ਭਾਈ ਬਣ ਜਾਓ। ਮੇਰੇ ਤਿੰਨਾਂ ਗੁਰੂ ਕਿਆਂ ਲਾਲਾਂ ਨੇ ਕਿਹਾ: ਭਾਈ ਤੁਰਕੋ ! ਸਭ ਨੇ ਮਰਨਾ ਹੈ, ਸਭ ਨੇ ਲੇਖੇ ਦੇਣੇ ਹਨ, ਏਸ ਜ਼ੁਲਮੀ ਦੇ ਤੁਸੀਂ ਬੀ ਲੇਖੇ ਭਰੋਗੇ। ਤੁਹਾਡਾ ਦੀਨ ਜੋ ਮੁਜ਼ਲੂਮਾਂ ਦੇ 'ਕਤਲ' ਨੂੰ ਦੀਨ ਸਮਝਦਾ ਹੈ, ਦੀਨ ਨਹੀਂ ਹੈ, ਇਹ ਜ਼ੁਲਮੀ ਹੈ, ਜ਼ੁਲਮੀ ਬੇਦੀਨੀ ਹੈ। ਅਸੀਂ ਦਇਆ ਧਰਮ ਵਾਲੇ ਸੂਰੇ ਗੁਰੂ ਦੇ ਸਿਖ ਹਾਂ, ਅਸਾਂ ਧਰਮ ਲੈ ਕੇ ਉਸਦੀ ਹਜ਼ੂਰੀ ਵਿਚ ਜਾਣਾ ਹੈ ਖੁਸ਼ੀ ਨਾਲ ਮਾਰ ਦਿਓ, ਅਸੀਂ ਧਰਮ ਨਹੀਂ ਹਾਰਨਾ ਤੇ ਧਰਮ ਹਾਰਕੇ ਚੰਦ ਰੋਜ਼ਾ ਜ਼ਿੰਦਗੀ ਨੂੰ ਨਹੀਂ ਬਚਾਉਣਾ। ਬੇਤਰਸ ਕਾਤਲਾਂ ਨੇ ਤ੍ਰੈਏ ਲਾਲ ਛੁਰਿਆਂ ਨਾਲ ਕੋਹ ਘੱਤੇ। ਸੋ ਬੀਬੀਓ ! ਮੇਰੀਆਂ ਤੇ ਮੇਰੇ ਪਤੀ ਜੀ ਦੀਆਂ ਅੱਖਾਂ ਦੇ ਸਾਹਮਣੇ ਮੇਰੇ ਬੱਚੇ ਤੇ ਜਵਾਈ ਧਰਮ ਸਲਾਮਤ ਲੈ ਕੇ ਵਾਹਿਗੁਰੂ ਗੁਰੂ ਕਲਗੀਆਂ ਵਾਲੇ ਦੇ ਦੇਸ ਨੂੰ ਟੁਰ ਗਏ ਤੇ ਓਥੇ ਜਾ ਸਲਾਮਤ ਤੇ ਸੁਖੀ ਬੈਠੇ ਹਨ। ਅਸੀਂ ਏਥੇ ਸਲਾਮਤ ਪੁੱਜ ਗਏ ਹਾਂ।

ਬੀਬੀ ਬੜਾ ਸ਼ੋਕ ਹੈ! ਪਰ ਮਾਈ ਜੀ! ਜਦ ਕਾਤਲਾਂ ਨੇ ਤੁਹਾਡੇ ਸਾਹਮਣੇ ਤੁਹਾਡੇ ਲਾਲ ਕੋਹੇ ਤਾਂ ਤੁਸੀਂ ਕਿਵੇਂ ਬਚ ਰਹੇ? ਓਹ ਤਾਂ ਕਿਸੇ ਨੂੰ ਛੋੜਦੇ ਨਹੀਂ ਐਸੇ ਲਹੂ ਤਿਹਾਏ ਹਨ।

ਮਾਈ-ਠੀਕ ਜਿਸ ਵੇਲੇ ਬੱਚੇ ਕਤਲ ਹੋਏ ਜਾਨਾਂ ਤੋੜ ਰਹੇ ਸਨ, ਅਸੀਂ ਗੁਰੂ ਕਾ ਭਾਣਾ ਵਰਤਦਾ ਦੇਖਕੇ ਆਪ ਸ਼ਹਾਦਤ ਲਈ ਮਨ ਨੂੰ ਤਿਆਰ ਕਰ ਚੁਕੇ ਸਾਂ ਤਾਂ ਦੋ ਲਾਰੀਆਂ ਫ਼ੌਜੀ ਸਿਪਾਹੀਆਂ ਦੀਆਂ ਪੁਜ ਪਈਆਂ, ਉਨ੍ਹਾਂ ਦਾ ਆਗੂ ਸਿਖ ਮੇਜਰ ਸੀ। ਓਹ ਫੌਜੀ ਸਾਨੂੰ ਤੇ ਪਿੰਡ ਦੇ ਬਾਕੀ ਬਚਿਆਂ ਖੁਚਿਆਂ ਜ਼ਖਮੀਆਂ ਨੂੰ ਲੱਦਕੇ ਲੈ ਆਏ। ਕਾਤਲ ਉਹਨਾਂ ਨੂੰ ਦੇਖਦੇ ਹੀ ਭੱਜ ਗਏ ਸਨ। ਅਸਾਂ ਟੁਰਨ ਤੋਂ ਪਹਿਲੋਂ ਆਪਣੇ ਤ੍ਰੈਹਾਂ ਬੱਚਿਆਂ ਦੀਆਂ ਸ਼ਹੀਦ ਹੋ ਚੁਕੀਆਂ ਦੇਹੀਆਂ ਇਕ ਥਾਂ ਕਰਕੇ ਘਰ ਨੂੰ ਅੱਗ ਲਾ ਦਿਤੀ ਕਿ ਇਨ੍ਹਾਂ ਦਾ ਦਾਹ ਸੰਸਕਾਰ ਹੋ ਜਾਏ ਤੇ ਪਵਿੱਤਰ ਦੇਹੀਆਂ ਸਾਡੇ ਪਿਛੋਂ ਰੁਲਣ ਨਾ। ਵਕਤ ਥੋੜਾ ਸੀ, ਹੋਰ ਕੁਛ ਬਣ ਨਹੀਂ ਸੀ ਸਕਦਾ। ਸਰਕਾਰੀ ਲਾਰੀਆਂ ਵਾਲੇ ਸੂਰਮੇਂ ਕਾਹਲ ਕਰਦੇ ਸਨ। ਸੋ ਅਸੀਂ ਗੁਰੂ ਦੀ ਦਾਤ ਗੁਰੂ ਕੇ ਹਵਾਲੇ ਕਰਕੇ ਟੁਰ ਆਏ। ਦੂਰ ਵਾਟ ਤਕ ਸਾਨੂੰ ਆਪਣੇ ਘਰ ਦੀਆਂ ਲਾਟਾਂ ਦਿਸਦੀਆਂ ਸਨ ਤੇ ਅਸੀਂ ਸ਼ੁਕਰ ਕਰਦੇ ਸਾਂ ਕਿ ਪਜਾਰਿਆਂ ਦੀਆਂ ਦੇਹੀਆਂ ਦੀ ਬੀ ਗਤੀ ਹੋ ਗਈ, ਰੁਲਣ ਦਾ ਸਮਾਂ ਨਾ ਆਇਆ।

✧ ✧ ✧ ✧ ✧

# Bhagat Ravi Das
## Concept of Social Values

❖ Prof. Shashi Bala

Bhagat Ravidas, one of the fifteen bhagats, whose divine compositions had been incorporated by Guru Arjan Dev in the Holy Scripture, Guru Granth Sahib, belonged to the Bhakti Movement of Northern India and was the disciple of Swami Ramanand. Out of a large number of his devotional hymns, only forty are included in the Holy Scripture which stress on the different themes of human life such as the purpose of life, temporality of phenomenal existence; consciousness of humiliation of lower castes in the social hierarchy, nonetheless, with no feeling of inferiority of belonging to the lower caste; stress on wisdom and devotion to God; supremacy of contemplation on of Divine Name in place of traditional methods of worship; exaltation of saints and the vision of an ideal society. To him, birth in the low caste does not create impediment in the way of spiritual progress, because in the eyes of God, no one is higher or lower except in spiritual terms. According to Bhagat Ravidas, realization of the divine is possible only through loving devotion and performance of all other rituals is futile exercise.

Human life is considered as the most precious of all other species on earth. Man is endowed with the gift of rationality, sociability and sense of morality which enable him to discriminate between good and evil and to cultivate values indispensable for his own perfection as well as for the prosperity of any society. According to Jai Chand Chandel, 'Values are those standards which we use to influence the attitudes, values and actions of others. It is a yardstick that is used to guide the actions, attitudes, comparisons, evaluations and justification of other and self. These are the guiding principles of life and help in all round development of the individual. M.T. Ramji observes, 'Values may be operationally conceived as those guiding principles of life which are conductive to one's physical and mental health as well as to the social welfare and adjustment and which are in tune with one's culture.' However, moral values include both the individual as well as social values; the former refer to the development of human personality and the latter refer to the spirit of altruism. Social values have practical implication in relation to fellow-beings, social order and the whole universe. These values include universal brotherhood, compassion, social justice, spirit of fellowship and thereby promote welfare of society by creating a feeling of belonging and inculcating social service and social cohesion.

Bhagat Ravidas reconciled the spiritual and moral values with the social and secular ideals and stressed on the harmony of spiritual realization and moral conduct. He underlined the purpose of human life; condemned the traditional notions of morality on the basis of social hierarchy; repudiated the external paraphernalia of religion and stressed on inner purity by contemplation on Divine Name through loving devotion of God, attainable through the company of saints. Hence social values harmonize the spiritual urge of man with his social needs and guide him to transcend the existential limitations. Spiritual realization is not possible without the ethical implications and hence both are necessary in man's striving for the highest purpose. Any dichotomy between the two is detrimental for the spiritual progress of human beings. The source of moral authority is spiritual dwelling within the innermost depths of man's self. Any ideal indicates to some rules of conduct or directions which are essential for the actualization of inner potentialities and therefore are necessary to be followed to reach the climax of the goal.

The summum bonum of human life, according to Bhagat Ravidas, is to attain communion with God who is described as the Purifier of sinners; Inner knower of ourselves. There is no difference between God and soul except as the relation of gold and golden bracelets and water and waves but realization of this oneness and perception of divine presence is possible through divine wisdom. The only impediment is the notion of separate identity i.e. ego that makes us oblivious of our pristine nature. When one transcends the ego-consciousness, one realizes the identical relation with God but this could be possible by attunement to the Supreme Reality and thereby breaking the bonds of worldly allurements. This spiritual path is not an easy access through the frail structure of human body. Here Bhagat Ravidas clearly repudiates the prevalent idea of individual efforts to attain emancipation and supplicates to God for help and seeks the company of fellow-beings by saying that 'the path to God is very treacherous and mountainous' and asks 'Is there any merchant of the Lord to join me? My cargo is loaded, and now I am leaving.' While differentiating the spiritual path from the worldly path, he says that the spiritual path inculcates Divine love; is eternal and the aspirant on this path deals with the merchandise of divine

name and spiritual wisdom: hence becomes fearless from the messenger of death and from worldly entanglements. On the other hand, the worldly path is poisonous; nature of worldly things is transient and therefore attachment to these things is temporary. There are two alternatives before man in human life – one is the existential life in the phenomenal world where we entangle ourselves due to the illusion of mind arising from ignorance. Ignorance or lack of wisdom is bondage which involves us in mundane wealth, worldly strife and rewards of *maya*. On the other hand, the way of wisdom leads to divine love and detachment to worldly things.

Human life is a rare opportunity given to man and he has to face challenges such as the low company of five inclinations; bondage of law of *karma* and fear of death. Human being is superior to all other species and is endowed with the gift of rationality whereby he can discriminate between good and evil. Whereas the other species such as deer, fish, black-bee, moth and elephant, being unaware of sin and merit, have single malady to get destroyed but the challenge before a human being is that he has five incurable maladies. These mental inclinations determine man's thoughts, words and actions thereby moulding his outlook, language and conduct. He becomes egoist on attaining success and miserable in failure. The only way suggested by Bhagat Ravidas as the greatest of all austerities is Guru's Wisdom.

Human body is a skeleton of flesh, bones and intestines sustained by the pillar of water in which dwells the soul. Though life is transient and end is inevitable yet man being oblivious of this reality, becomes possessive and creates high walls with deep foundations of ego. The outward appearance and physical attire cannot prevent mortality. The high palaces and beautiful brides are vain without Divine Name. The superiority complex of high caste, of higher status and acquisition of power are of no avail for divinity as compared with man of low birth and low status who has an intense urge for spirituality. The worldly possessions and the worldly relations are transient and have significance only from the existential point of view but indulgence in these relations becomes hindrance in the way of God. Devotion of God is possible by the elimination of ego, developing empathic relation with fellow-beings and by surrendering to God with conviction and commitment.

Mere hearing, reading and reflecting on myriad names of God do not enable one to perceive the embodiment of love and wisdom unless one realizes the real nature of experience. This futile exercise neither unravels the knot of doubt nor eliminates the five evils i.e. desire, anger, delusion, pride and jealous. Attainment of worldly fame of being great poets, high caste *pandits, yogis* or *sanyasis;* wise, virtuous men, warriors and benefactors simply aggravate man's ago and sense of self-alienation. This type of social ego can never be destroyed except through spiritual experience. Man takes birth due to his past good deeds but life is of no avail without wisdom. One may attain the higher dominion of *Indra*, Vedic deity but it is useless without devotion of God. Indulgence in sensuous pleasures makes us oblivious of divine wisdom; and creates duality of belief and behavior.

The hymns of Bhagat Ravidas clearly reflect the hierarchical division of society on the basis of caste and profession as well as maltreatment of the lower caste people by the so-called higher caste people who got the privilege to take birth in higher castes. He has no grievances for his low-caste lineage as is evident from his hymns where he openly declares his affiliation with the lowest caste in the social hierarchy and by virtue of his caste adoption of low profession of cobbler. Bhagat Ravidas's confession of his caste and profession of cobble reveals the dire reality that social inequality could not undermine the spiritual heights. By taking refuge in God and merging one's individuality into the whole, one can become like the whole. Just as the impurities when merged in the river Ganga, become like it; as the Palmyra palm tree, though considered impure being used in wine making, but when thought of as paper and worlds of devotion are written on it, people bow down and pay obeisance to it. He pointed out the attitude of worldly men engrossed in worldly ego but whose status and power have no value before the spiritually enlightened. He admits:

> My caste is kutabadhala (sub-caste of *chamars*). Who cart carcasses constantly around Benaras. Now, Brahmins and headmen bow down before me, Ravidas the servant has taken refuge in Thy Name.

It is clearly evident from the hymns that the distinction of high and low on the basis of birth in lower caste is only at the social level and this type of inequality is not admitted on the spiritual level. All men are equal from the metaphysical point of view and have the equal right for spiritual enlightenment. Though this right of worship was conferred on the privileged class only in accordance with the prevalent social structure yet they could not debar the lower caste people from the grace of God. According to Bhagat Ravidas, God is supreme and can do what He Wills. He can make the lower high and mighty and can shower mercy on those whose touch is supposed to defile others. He has mentioned the instances of Namdeva, Kabir, Trilochan, Sadna and Sain who due to the grace of God were saved and got spiritual enlightenment.

For the development of good and prosperous society, man should have the freedom to rise above the customary mode of conduct and traditional ways of worship. Bhagat Ravidas, with his sagacious vision, has minutely observed the traditional modes of worship of contemporary society. Though the whole world is involved in the study of eighteen *Puranas* and roaming around the sixty-eight  pilgrimage places and in search

of four sources of creation yet he advocated with firm conviction that contemplation of Divine Name is only the supreme mode of worship. Real worship consists in complete dedication to the Supreme Being and feeling the overwhelming presence of the divine. Love of God cannot be cultivated without the company of saints and without love, there cannot be any worship. In fact love is the expression of divine within the individual that contributes in inner transformation. He defined devotion 'not as outward practices which typify the behaviour of seekers after God, but an inner relationship with God'. Adherence to any strict rules and regulations in religious worship without any reasoning is of no avail. Pointing to the defects of ritualistic performance of worship he raises a question, how can one perform worship with incense, lamps, food-offerings and scents? He enumerates several things used for worship such as milk defiled by calf at the udder; flowers polluted by the bee; water by the fish; and serpent has coiled around the sandalwood, thereby mixing poison and nectar. To him any type of offerings cannot equate with the internalized devotion with the offering of body and mind i.e. total surrender.

Bhagat Ravidas has suggested a unique way of spiritual enlightenment for the emancipation of man from the clutches of social taboos and dogmatic practices. He has neither revolted nor fought against the hierarchical structure of society, notwithstanding the dehumanized treatment because of his firm faith in Divine Justice. A spiritually enlightened man becomes pure and not only attains individual salvation but his personality casts an impact on his family, relatives and fellow men in the society. Such saintly persons lives in the world in detached way; excels all mundane status, may it be of a *pandit* or warrior or emperor of the world and his greatness like fragrance spreads all over the world. However, the social distinctions in the form of caste, creed and gender have no place in the path of spirituality. Without devotion to God, a man born in a higher caste may become *chandala* but on the contrary, evil-doers Ajamala were emancipated by God.

Social reconstruction could have been possible through inner transformation of individual. One may ask is it possible by self-efforts or by some other method? The Indian philosophy believes in the low of *karma*, transmigration of soul and rebirth which, nonetheless, are interrelated with each other. Man as a social being has the privilege to perform action in accordance with his own choice along with some reservation of his mental tendencies created by his past *karmas*. Analyzing the human psyche involved in different types of deeds, he observes that mere pondering over the notion of action and inaction; listening to *Vedas* and *Puranas* cannot conquer the pride unless doubt remains in the mind as external cleansing is useless without inner purity. The snares of delusion cannot be evaded by the self-efforts, so darkness of mind can be abolished by the wisdom of the Guru.

Bhagat Ravidas has given great importance to saints who are in no way different from God and prays for acquaintance with the saints, to hear their worlds; to develop loving relation with them, to follow their conduct and way of life and to serve their slaves. To him, the present life is more significant than the life hereafter because whatever is perceptible shall perish and whatever is beyond perception cannot be desired. Everything happens in accordance with the natural way such as the 'forest flowers produce fruits but when fruit is formed, flowers wither away, similarly actions are performed to create wisdom and when wisdom arises, the desires for actions disappear. This is the supreme renunciation; as the wise churn curd to obtain ghee, similarly the liberated are in *nirvana* while living. Hence the enlightened man lives in society totally free from desire, chanting the divine name; as if touched by the philosopher's stone, has no sense of duality and remains absorbed in God.

Bhagat Ravidas's hymn '*Begampura*' in Sri Guru Granth Sahib in an integration of the empirical consciousness and the transcendental consciousness. This is not simply a vision but an actualized experience, fully aware of the existential situations of dehumanization of low-caste people in the social hierarchical system and visualizing a complete state of emancipation transcending the boundaries of space and time.

*Begampura is the name of that place, without suffering and distress; without anxiety, taxes or property, without fear of failure or fear of loss.*
*I have found a good home in my own land.*
*O, my brother, there is everlasting well-being there.*
*Its everlasting Sovereignty is firm and stable,*
*there none is third or second, all are one.*
*Flourishing and ever famous,*
*the wealthy dwell in that town.*
*They wander around wherever they please,*
*they stroll through palaces unchallenged.*
*Says, Ravidas the liberated Chamar,*
*whoever is my fellow citizen, is my friend.* (Ibid. P. 345)

This complete emancipation portrays freedom in all dimensions – mental, economical, moral, political, social and spiritual that can be realized while living. Speaking about the *Begampura*, Dr. D.P. Singhal observes, 'the concept of *Begampura* has a deep inner meaning that goes beyond the layers of the intellect and forms the inner kernel of the mystic philosophy of Bhagat Ravidas.' Complete devotion to God with dedication, firm conviction and commitment can bring transformation of the individual as well as of society as is apparent in the hymns of Bhagat Ravidas. However no individual efforts but the company of saints, divine grace and wisdom of Guru can pave the way to spiritual enlightenment.

Courtesy : *Studies in Sikhism and Comparative Religion, Jan. - June 2011*

ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

ਹਫ਼ਤਾਵਾਰ ਪੰਜਾਬੀ ਪਰਚਾ

17 ਫਰਵਰੀ, 1921

# ਸ੍ਰੀ ਨਨਕਾਣੇ ਸਾਹਬ ਦੇ ਸ਼ਹੀਦਾਂ ਦੀ ਚਿਤਾ ਦਾ ਨਜ਼ਾਰਾ

{ਇਕ ਹਿੰਦੂ ਵੀਰ ਦੀ ਕਲਮ ਤੋਂ}

ਮੇਰੀ ਆਯੂ ਐਸ ਵੇਲੇ 35 ਸਾਲ ਦੇ ਲਗਭਗ ਹੈ ਮੈਂ ਆਪਣੀ ਅੱਖੀਂ ਉਹ ਦਰਦਨਾਕ ਨਜ਼ਾਰਾ ਭੀ ਵੇਖਿਆ ਹੈ ਜਦਕਿ ਜੱਲਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ ਡਾਇਰ ਨੇ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਤੇ ਸੈਂਕੜੇ ਨਿਹੱਥੇ ਹਿੰਦੀ ਛੋਲਿਆਂ ਵਾਂਗ ਭੁੰਨਕੇ ਰੱਖ ਦਿੱਤੇ, ਪਰੰਤੂ ਮੈਂ ਸੱਚ ਕਹਿੰਦਾ ਹਾਂ ਕਿ ਜੋ ਨਜ਼ਾਰਾ ਮੇਰੀਆਂ ਅੱਖਾਂ ਨੇ ਉਸ ਵੇਲੇ ਦੇਖਿਆ ਜਦੋਂ ਨਨਕਾਣਾ ਸਾਹਿਬ ਵਿਚ ਸਿੱਖ ਸ਼ਹੀਦਾਂ ਦੀਆਂ ਅੱਧੀਆਂ ਸੜੀਆਂ ਲਾਸ਼ਾਂ ਨੂੰ ਇਧਰ ਉਧਰੋਂ ਇਕੱਠੀਆਂ ਕਰ ਕੇ ਇਕ ਬਹੁਤ ਵੱਡੀ ਚਿਤਾ ਵਿਚ ਰੱਖ ਕੇ ਸਸਕਾਰਿਆ ਗਿਆ, ਅਜਿਹਾ ਕਦੇ ਮੈਂ ਨਹੀਂ ਸੀ ਵੇਖਿਆ। ਚਾਰ-ਪੰਜ ਸੌ ਮਣ ਲੱਕੜਾਂ ਦਾ ਢੇਰ ਲਗਾ ਹੋਇਆ ਸੀ, ਕਈ ਮਣ ਘਿਓ ਲੱਕੜੀਆਂ ਤੇ ਪਾਇਆ ਗਿਆ, ਸਿੱਖ ਸ਼ਹੀਦਾਂ ਦੇ ਕਟੇ ਹੋਏ ਸਰੀਰ ਦੇ ਅੰਗ, ਕੇਸ, ਲੱਤਾਂ, ਬਾਹਾਂ ਬੜੇ ਪ੍ਰੇਮ ਨਾਲ ਲਿਆਕੇ ਉਸ ਮੁਕਾਮ ਤੇ ਰੱਖੇ ਗਏ, ਸਿੱਖ ਆਪਣੇ ਪਿਆਰਿਆਂ ਦੇ ਕਟੇ ਹੋਏ ਸਰੀਰ ਚੁੱਕ ਚੁੱਕਕੇ ਲਿਆਉਂਦੇ ਸਨ ਤੇ ਇਸ ਚਿਤਾ ਤੇ ਰੱਖਦੇ ਸਨ। ਇਹਨਾਂ ਦੀਆਂ ਅੱਖਾਂ ਤੋਂ ਅਥਰੂਆਂ ਦੀ ਧਾਰ ਵਗ ਰਹੀ ਸੀ, ਕਿੰਤੂ ਜ਼ੁਬਾਨ ਤੋਂ ਉਫ ਤਕ ਨਹੀ ਕਰਦੇ ਸੀ।

## ਸਰਦਾਰ ਲਛਮਨ ਸਿੰਘ ਦਾ ਸਰੀਰ

ਸਿੱਖਾਂ ਦੀ ਉਂਝ ਤਾਂ ਹਰ ਸ਼ਹੀਦ ਸਿੱਖ ਲਈ ਇੱਛਾ ਸੀ ਕਿ ਉਹਨਾਂ ਦਾ ਸਰੀਰ ਮਿਲ ਜਾਏ, ਕਿੰਤੂ ਸਰਦਾਰ ਲਛਮਨ ਸਿੰਘ ਜਥੇਦਾਰ ਦੇ ਸਰੀਰ ਦੀ ਤਲਾਸ਼ ਖਾਸ ਜਤਨ ਨਾਲ ਕੀਤੀ ਗਈ, ਸਰਦਾਰ ਸਾਹਬ ਦਾ ਗਰਾਂਡੀਲ ਸਰੀਰ ਇਕ ਬ੍ਰਿਛ ਨਾਲ ਬੱਧਾ ਹੋਇਆ ਮਿਲਿਆ, ਸਿਰ ਕੱਟਿਆ ਹੋਇਆ ਸੀ, ਇਸ ਵਾਸਤੇ ਪਛਾਨਣ ਵਿਚ ਬਹੁਤ ਦੇਰ ਲੱਗੀ, ਪਰੰਤੂ ਛੇਕੜ ਪਛਾਣ ਲਿਆ ਗਿਆ, ਜਦ ਉਸਨੂੰ ਲਿਆਕੇ ਚਿਤਾ ਤੇ ਰੱਖਿਆ ਗਿਆ ਤਦ ਹਜ਼ਾਰਾਂ ਸਿੱਖ ਢਾਹਾਂ ਮਾਰ ਕੇ ਰੋਣ ਲਗੇ, ਆਪਣੇ ਸਿੱਖ ਭਰਾ ਦੀ ਲਾਸ਼ ਨੂੰ ਇਸ ਹਾਲਤ ਵਿਚ ਵੇਖ ਕੇ ਉਹ ਰੁਕ ਨਾ ਸਕੇ।

## ਸਰਦਾਰ ਦਲੀਪ ਸਿੰਘ ਦੀ ਭੈਣ

ਮੈਂ ਉਸ ਦਰਦਨਾਕ ਨਜ਼ਾਰੇ ਦਾ ਹੂ-ਬ-ਹੂ ਨਕਸ਼ਾ ਖਿੱਚਣ ਲਈ ਲਫਜ਼ ਕਿੱਥੋਂ ਲਿਆਵਾਂ ਜੋ ਨਨਕਾਣੇ ਸਾਹਿਬ ਵਿਚ ਉਸ ਵੇਲੇ ਪੈਦਾ ਹੋਇਆ, ਜਦ ਸਰਦਾਰ ਦਲੀਪ ਸਿੰਘ ਕੌਮੀ ਸ਼ਹੀਦ ਦੀ ਨੌਜਵਾਨ ਭੈਣ ਨੇ ਵਰਲਾਪ ਕਰਨਾ ਸ਼ੁਰੂ ਕੀਤਾ, ਇਸ ਦੇਵੀ ਨੇ ਕਿਹਾ:

ਭਾਈ! ਪਿਆਰੇ ਭਾਈ! ਮੈਂ ਉਸ ਮਾਂ ਦੀ ਬੇਟੀ ਹੈ ਜਿਸਦਾ ਤੂੰ ਬੇਟਾ ਹੈ, ਮੈਂ ਉਸ ਮਾਂ ਦੇ ਪੇਟ ਵਿਚ ਪਲੀ ਹਾਂ ਜਿਸ ਵਿਚ ਤੂੰ ਪਲਿਆ, ਮੈਂ ਉਸ ਮਾਂ ਦਾ ਦੁਧ ਪੀਤਾ ਹੈ ਜਿਸਦਾ ਤੂੰ ਪੀਤਾ ਸੀ, ਮੈਂ ਉਸ ਮਾਂ ਦੀ ਗੋਦੀ ਵਿਚ ਪਲੀ ਹਾਂ ਜਿਸ ਵਿਚ ਤੂੰ ਪਲਿਆ, ਫਿਰ ਕਿੱਕੁਣ ਹੋ ਸਕਦਾ ਹੈ ਕਿ ਤੂੰ ਗੁਰਪੁਰੀ ਨੂੰ ਚੜ੍ਹਾਈ ਕਰ ਜਾਏਂ, ਤੂੰ ਕੌਮ ਤੇ ਧਰਮ ਲਈ ਸ਼ਹੀਦ ਹੋ ਜਾਏਂ, ਤੂੰ ਮੁਲਕ ਦੀ ਵੇਦੀ ਤੇ ਆਪਣੀ ਪਿਆਰੀ ਜਾਨ ਕੁਰਬਾਨ ਕਰ ਦੇਵੇਂ ਤੇ ਮੈਂ ਪਾਪਣ ਇਥੇ ਹੀ ਰੈਹ ਜਾਵਾਂ, ਮੈਂ ਤੇਰੇ ਨਾਲ ਚੱਲਾਂਗੀ............

## ਅਸੀ ਜੀਉਂਦੇ ਨਾਂ ਰਹਾਂਗੇ

ਜਿਸ ਵੇਲੇ ਸ਼ਹੀਦ ਸਿੱਖਾਂ ਦੀ ਦੇਹ ਨੂੰ ਅਗਨੀ ਲਾਈ ਗਈ, ਉਸ ਵੇਲੇ ਦਾ ਕੁਝ ਹਾਲ ਨਾ ਪੁਛੋ, ਹਜ਼ਾਰਾਂ ਹੀ ਸਿੱਖ ਆਪੇ ਤੋਂ ਬਾਹਰ ਹੋ ਰਹੇ ਸਨ ਤੇ ਬੇਤਾਬ ਹੋ ਰਹੇ ਸਨ, ਉਹਨਾਂ ਨੂੰ ਇੰਨਾ ਜੋਸ਼ ਸੀ ਕਿ ਉਹ ਦੌੜਕੇ ਚਿਤਾ ਵਿਚ ਜਾਣ ਤੇ ਆਪਣੇ ਸੜ ਰਹੇ ਸਿੱਖ ਵੀਰਾਂ ਨਾਲ ਸੜ ਜਾਣ। ਇਹਨਾਂ ਨੂੰ ਇਸ ਇਰਾਦੇ ਤੋਂ ਰੋਕਣ ਲਈ ਵਾਲੰਟੀਅਰ ਚਿਤਾ ਦੇ ਅੱਗੇ ਪਿੱਛੇ ਫਿਰਨ ਲੱਗੇ। ਮੈਂ ਸਿੱਖ ਬਹਾਦਰਾਂ ਦੀਆਂ ਕੁਰਬਾਨੀਆਂ ਦੇ ਹਾਲਾਤ ਤਾਰੀਖ ਵਿਚ ਪੜ੍ਹਿਆ ਕਰਦਾ ਸੀ, ਕਿੰਤੂ ਕਈ ਵੇਰ ਉਹਨਾਂ ਦੀ ਸਚਾਈ ਬਾਬਤ ਸ਼ੱਕ ਪੈ ਜਾਂਦਾ ਸੀ, ਕਿੰਤੂ ਇਸ ਨਜ਼ਾਰੇ ਨੂੰ ਦੇਖਕੇ ਮੈਂ ਅਨੁਭਵ ਕੀਤਾ ਕਿ ਬਹਾਦਰ ਸਿੱਖਾਂ ਲਈ ਜਾਨ ਦੇਣਾ ਇਕ ਨਿਹਾਯਤ ਮਾਮੂਲੀ ਗੱਲ ਹੈ, ਜੇ ਕਦੀ ਇਸ ਸਮੇਂ ਬਹੁਤ ਸਾਰੇ ਸਿੱਖ ਵਾਲੰਟੀਅਰ ਮੌਜੂਦ ਨਾ ਹੁੰਦੇ ਤਦ ਬਹੁਤ ਸਾਰੇ ਸਿੱਖ ਮਰਦ ਅਮੂਮਨ ਅਤੇ ਸਿੱਖ ਤੀਮੀਆਂ ਖਾਸ ਕਰ ਇਸ ਚਿਤਾ ਵਿੱਚ ਛਾਲ ਮਾਰ ਕੇ ਆਪਣੇ ਸ਼ਹੀਦ ਭਰਾਵਾਂ ਨਾਲ ਜੀਉਂਦੇ ਕੁਰਬਾਨ ਹੋ ਜਾਂਦੀਆਂ। ਮੌਤ ਦਾ ਲਫ਼ਜ਼ ਮੂੰਹ ਤੋਂ ਕੱਢਣਾ ਆਸਾਨ ਹੈ, ਕਿੰਤੂ ਜਦ ਮੌਤ ਸਾਹਮਣੇ ਹੋਵੇ ਤਦ ਫਿਰ ਉਸ ਦਾ ਖੁਸ਼ੀ ਨਾਲ ਸਤਕਾਰ ਕਰਨਾ ਬੜਾ ਮੁਸ਼ਕਲ ਹੈ, ਕਿੰਤੂ ਨਨਕਾਣਾ ਸਾਹਬ ਵਿੱਚ ਮੈਂ ਆਪਣੀ ਅੱਖੀਂ ਵੇਖਿਆ, ਸਿੱਖ ਮੌਤ ਨੂੰ ਜੀ ਆਯਾਂ ਨੂੰ ਕੈਹਣ ਨੂੰ ਤਯਾਰ ਸਨ।

## ਗਾਨਾ ਬੰਨ੍ਹਣ ਦਾ ਸ਼ੋਕ ਰਿਹਾ

ਮੇਰੇ ਲਾਗੇ ਹੀ ਇਕ ਨੌਜਵਾਨ ਸਿੱਖ ਲੜਕੀ ਖਲੋਤੀ ਰੋ ਰਹੀ ਸੀ, ਮੈਂ ਨਹੀਂ ਕੈਹ ਸਕਦਾ ਕਿ ਉਹ ਵਿਆਹੀ ਸੀ ਜਾਂ ਕੰਵਾਰੀ, ਕਿੰਤੂ ਉਹ ਬੜੀ ਸ਼ਰੀਫ਼ ਤੇ ਪਤਵੰਤੇ ਘਰਾਣੇ ਦੀ ਮਲੂਮ ਹੋਂਦੀ ਸੀ, ਉਸਨੂੰ ਜ਼ਾਰ ਜ਼ਾਰ ਰੋਂਦਾ ਦੇਖਕੇ ਇਕ ਨੌਜਵਾਨ ਸਿੱਖ ਨੇ ਉਸਨੂੰ ਕਿਹਾ - ਦੇਵੀ! ਇਹ ਸਮਾਂ ਰੋਣ ਦਾ ਨਹੀਂ, ਸਗੋਂ ਖੁਸ਼ ਹੋਣ ਦਾ ਹੈ, ਕਿ ਤੇਰੇ ਇੰਨੇ ਭਰਾਵਾਂ ਨੇ ਆਪਣੇ ਪਵਿੱਤਰ ਖ਼ੂਨ ਨਾਲ ਉਸ ਰੰਗ ਨੂੰ ਧੋਣ ਦੀ ਕੋਸ਼ਿਸ਼ ਕੀਤੀ ਜੋ ਗੁਰੂ ਦੇ ਪਵਿੱਤਰ ਧਰਮ ਤੇ ਚੜ੍ਹ ਗਿਆ ਸੀ, ਸਿੱਖ ਧਰਮ ਨੂੰ ਬਦਨਾਮ ਕਰਨ ਦਾ ਕਾਰਨ ਬਣ ਰਿਹਾ ਸੀ। ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਵਿਚ ਪਾਪੀਆਂ ਨੇ ਭਾਂਤ ਭਾਂਤ ਦੇ ਪਾਪਾਂ ਦੀ ਗੰਦਗੀ ਫੈਲਾਈ ਸੀ, ਉਸਨੂੰ ਧੋਣ ਵਾਸਤੇ ਮਾਮੂਲੀ ਪਾਣੀ ਨਹੀਂ ਬਲਕੇ ਪਵਿੱਤਰ ਖ਼ੂਨ ਦੀ ਲੋੜ ਸੀ, ਤੇਰੇ ਭਰਾਵਾਂ ਨੇ ਆਪਣਾ ਪਵਿੱਤਰ ਖ਼ੂਨ ਦਿੱਤਾ ਤੇ ਇਸ ਗੰਦਗੀ ਨੂੰ ਧੋ ਦਿੱਤਾ, ਇਸ ਕਰਕੇ ਇਹ ਮੌਕਾ ਰੋਣ ਦਾ ਨਹੀਂ ਖੁਸ਼ ਹੋਣ ਦਾ ਹੈ. ਇਹ ਸੁਣਕੇ ਇਸ ਦੇਵੀ ਨੇ ਮੂੰਹ ਉੱਪਰ ਉਠਾਯਾ ਤੇ ਕਿਹਾ: "ਵੀਰ! ਮੈਂ ਇਸ ਵਾਸਤੇ ਨਹੀਂ ਰੋਂਦੀ ਕਿ ਮੈਨੂੰ ਦੋ ਸੌ ਭਰਾਵਾਂ ਦੇ ਸ਼ਹੀਦ ਹੋਣ ਦਾ ਦੁੱਖ ਹੈ। ਮੈਂ ਦਿਲੋਂ ਖੁਸ਼ ਹਾਂ ਕਿ ਉਹ ਆਪਣੇ ਧਰਮ, ਆਪਣੇ ਮੁਲਕ ਅਤੇ ਆਪਣੀ ਕੌਮ ਲਈ ਕੁਰਬਾਨ ਹੋ ਗਏ। ਮੇਰੇ ਰੋਣ ਤੇ ਰੰਜ ਕਰਨ ਦਾ ਕਾਰਣ ਇਹ ਹੈ ਕਿ ਪਾਪੀ ਮਹੰਤ ਨੇ ਉਨ੍ਹਾਂ ਨੂੰ ਬੇਖ਼ਬ੍ਰੀ ਵਿਚ ਕਤਲ ਕਰ ਦਿੱਤਾ, ਜੇ ਸਾਨੂੰ ਇਹ ਪਤਾ ਹੁੰਦਾ ਤਾਂ ਅਸੀਂ ਆਪਣੇ ਭਰਾਵਾਂ ਨੂੰ ਗਾਨਾਂ ਬੰਨ੍ਹਦੀਆਂ ਤੇ ਉਹਨਾਂ ਨੂੰ ਅਸੀਂ ਆਪ ਧਰਮ ਕਾਰਜ ਵਿਚ ਸ਼ਹੀਦ ਹੋਣ ਲਈ ਛੱਡਣ ਆਉਂਦੀਆਂ। ਰੋਣਾਂ ਤਾਂ ਇਸ ਗੱਲ ਦਾ ਹੈ ਕਿ ਸਾਨੂੰ ਆਪਣੇ ਭਰਾਵਾਂ ਨੂੰ ਸ਼ਹਾਦਤ ਵਾਸਤੇ ਤਯਾਰ ਕਰਨ ਦਾ ਮੌਕਾ ਨਹੀਂ ਮਿਲਤਾ।

ਖ਼ਾਲਸਾ ਕੌਮ! ਅਜਿਹੇ ਪਵਿੱਤਰ ਧਰਮੀਆਂ ਦੇ ਪੈਦਾ ਕਰਨ ਵਾਸਤੇ ਤੂੰ ਮੇਰੀ ਦਿਲੀ ਵਧਾਈ ਦਾ ਹੱਕਦਾਰ ਹੈ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੫, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੨੦}

ਮੂਲ — ਵਡਹੰਸੁ ਮਹਲਾ ੪, ਛੰਤ ੬-੧੪, ਘੋੜੀ-੨ — ਅਰਥ

ਵਡਹੰਸੁ ਮਹਲਾ ੪॥ ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ॥ ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ॥ ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ ਮਿਤਿ ਜਾਣੀਆ॥ ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ॥ ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ ਹਰਿ ਭਗਤਿ ਹਰਿ ਜਨ ਮੰਗੀਆ॥ ਜਨੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਭਗਤਿ ਗੋਵਿੰਦ ਚੰਗੀਆ॥੧॥

(ਇਸ) ਦੇਹ ਰੂਪੀ ਘੋੜੀ ਨੂੰ ਹਰੀ ਦੇ (ਪ੍ਰੇਮ ਨਾਲ) ਨਵਾਂ ਰੰਗ ਚਾੜ੍ਹਿਆ ਹੈ। [ਕੀਕੂੰ? ਉੱਤਰ:]੧. ਗੁਰੂ ਪਾਸੋਂ ਗੁਰੂ (ਸਭ ਤੋਂ ਵੱਡਾ) ਗਿਆਨ (ਅਰਥਾਤ) ਹਰੀ ਦਾ (ਗਜਾਨ) ਮੰਗਿਆ, (ਨਾਲ ਹੀ) ਗਿਆਨ (ਦਾਤੀ) ਹਰੀ ਦੀ ਚੰਗੀ ਕਥਾ ਮੰਗੀ, (ਨਾਲ ਹੀ) ਹਰੀ ਨਾਮ (ਮੰਗਿਆ ਐਉਂ) ਮੁਕਤੀ ਦੀ ਮਰਯਾਦਾ ਜਾਣ ਲਈ ਹੈ। ਕਰਤਾਰ ਨੇ ਸਾਰਾ ਜਨਮ ਹੀ ਸਫਲਾ ਕਰ ਦਿੱਤਾ ਹੈ, (ਹੁਣ) ਹਰੀ ਨੂੰ ਰਾਮ ਨਾਮ ਦੁਆਰਾ ਜਪ ਰਹੇ ਹਾਂ। ਹਰੀ ਦਾ ਰਾਮ ਨਾਮ (ਸਿਮਰਕੇ ਤੇ) ਹਰੀ ਪ੍ਰਭੂ ਨੂੰ ਸਲਾਹਕੇ (ਗੁਣ ਗਾ ਗਾ ਕੇ) ਹਰੀ ਦੀ ਭਗਤੀ (ਹੀ ਫੇਰ ਫੇਰ) ਮੰਗੀ ਹੈ। ਦਾਸ ਨਾਨਕ ਆਖਦਾ ਹੈ: ਹੇ ਸੰਤੋ! ਸੁਣੋ, ਗੋਵਿੰਦ ਹਰੀ ਦੀ ਭਗਤੀ ਹੀ ਚੰਗੀ (ਵਸਤੂ) ਹੈ॥੧॥

ਦੇਹ ਕੰਚਨੁ ਜੀਨੁ ਸੁਵਿਨਾ ਰਾਮ॥ ਜੜਿ ਹਰਿ ਹਰਿ ਨਾਮੁ ਰਤੰਨਾ ਰਾਮ॥ ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ॥ ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ॥ ਹਰਿ ਮਿਲੇ ਸੁਆਮੀ ਅੰਤਰਜਾਮੀ ਹਰਿ ਨਵਤਨ ਹਰਿ ਨਵ ਰੰਗੀਆ॥ ਨਾਨਕੁ ਵਖਾਣੈ ਨਾਮੁ ਜਾਣੈ ਹਰਿ ਨਾਮੁ ਹਰਿ ਪ੍ਰਭ ਮੰਗੀਆ॥੨॥

(ਇਹ) ਦੇਹ ਸੋਨੇ ਵਰਗੀ ਹੈ, (ਇਸ ਦੀ) ਕਾਠੀ ਬੀ ਸੋਨੇ ਦੀ ਹੈ ਜਿਸ ਵਿਚ ਹਰੀ ਹਰਿ ਨਾਮ ਦੇ ਰਤਨ ਜੜੇ ਹਨ। (ਹਾਂ,) ਨਾਮ ਰੂਪੀ ਰਤਨ ਜੜਕੇ ਪ੍ਰਭੂ ਪਾ ਲਿਆ ਹੈ, ਪ੍ਰਭ ਮਿਲ ਪਏ (ਤਾਂ ਪ੍ਰਭੂ) ਦੇ ਗੁਣ ਮਿਲ ਪਏ, (ਪ੍ਰਭੂ ਦੇ ਗੁਣ ਮਿਲੇ ਤਾਂ) ਬਹੁਤੇ ਸੁਖ ਮਿਲ ਪਏ। (ਗੱਲ ਕੀਹ) ਵਡੇ ਭਾਗਾਂ ਕਰਕੇ (ਜਦ) ਗੁਰੂ ਦਾ ਉਪਦੇਸ਼ ਮਿਲਿਆ ਤਦ ਹਰੀ ਨਾਮ ਧਿਆਯਾ, (ਇਸ ਧਿਆਉਣੇ ਨਾਲ) ਹਰੀ ਦਾ ਪ੍ਰੇਮ ਮਿਲਿਆ, (ਪ੍ਰੇਮ ਨਾਲ) ਹਰੀ ਦੇ ਹੀ ਬਣ ਗਏ। (ਐਉਂ ਜੋ) ਅੰਤਰਜਾਮੀ ਮਾਲਕ ਹਰੀ ਜੀ ਮਿਲ ਪਏ, (ਕਿਹੜੇ ਹਰੀ ਜੀ? ਓਹ) ਹਰੀ ਜੀ ਜਿਨ੍ਹਾਂ ਦਾ ਸਰੀਰ (ਸਦਾ) ਨਵਾਂ ਹੈ (ਤੇ ਜਿਨ੍ਹਾਂ ਦਾ) ਪ੍ਰੇਮ (ਸਦਾ) ਨਵਾਂ ਹੈ। (ਗੁਰੁ) ਨਾਨਕ (ਦੇਵ ਜੀ) ਆਖਦੇ ਹਨ (ਕਿ ਜੋ) ਨਾਮ ਨੂੰ (ਐਉਂ) ਜਾਣ ਲੈਂਦਾ ਹੈ (ਓਹ ਫੇਰ ਬੀ) ਹਰੀ ਪ੍ਰਭੂ ਤੋਂ ਹਰੀ ਨਾਮ ਹੀ ਮੰਗਦਾ ਹੈ॥੨॥

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ॥ ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ॥ ਮਨੁ ਵਸਗਤਿ ਆਇਆ ਪਰਮ ਪਦੁ ਪਾਇਆ ਸਾ ਧਨ ਕੰਤਿ ਪਿਆਰੀ॥ ਅੰਤਰਿ ਪ੍ਰੇਮੁ ਲਗਾ ਹਰਿ ਸੇਤੀ ਘਰਿ ਸੋਹੈ ਹਰਿ ਪ੍ਰਭ ਨਾਰੀ॥ ਹਰਿ ਰੰਗਿ ਰਾਤੀ ਸਹਜੇ ਮਾਤੀ ਹਰਿ ਪ੍ਰਭੁ ਹਰਿ ਹਰਿ ਪਾਇਆ॥ ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ॥੩॥

[ਦੇਹ ਰੂਪੀ ਤੇਜਣ ਵਿਚ ਮੂਲ ਸਾਧਣ ਵਾਲੀ ਸ਼ੈ ਤਾਂ ਮਨ ਹੈ, ਹੁਣ ਮਨ ਨੂੰ ਕਿਵੇਂ ਸਾਧਿਆ? ਫੁਰਮਾਉਂਦੇ ਹਨ:] ਗੁਰੂ ਨੇ (ਉਸ ਦੇ) ਮੂੰਹ ਵਿਚ ਕੜੀਆਲਾ ਪਾਇਆ ਸੀ, (ਉਹ ਕੜੀਆਲਾ ਮਾਨੋ ਹਾਥੀ ਦੇ ਸਿਰ) ਅੰਕੁਸ (ਰਖਿਆ ਸੀ), ਮਨ ਹਾਥੀ ਹੈ (ਜੋ) ਗੁਰੂ ਦੇ ਸ਼ਬਦ ਦੁਆਰਾ ਵੱਸ ਵਿਚ ਆਇਆ ਹੈ। ਮਨ ਵਸੀਭੂਤ ਹੋ ਗਿਆ ਤਾਂ ਸਭ ਤੋਂ ਉੱਚੀ ਪਦਵੀ ਪਾ ਲਈ, (ਤੇ ਜਗਜਾਸੂ ਰੂਪੀ) ਇਸਤ੍ਰੀ ਪਤੀ (ਪਰਮੇਸ਼ੁਰ) ਦੀ ਪਿਆਰੀ ਹੋ ਗਈ। [ਪ੍ਰਸ਼ਨ: ਮਨ ਵਸਗਤਿ ਆਉਂਦਿਆਂ ਹੀ ਪਰਮ ਪਦ ਮਿਲ ਗਿਆ? ਉੱਤਰ:] (ਮਨਿ ਗੁਰ ਸ਼ਬਦ ਦੁਆਰਾ ਵੱਸ ਆਇਆ ਸੀ, ਉਸੇ ਸ਼ਬਦ ਦੇ ਪ੍ਰਤਾਪ ਨਾਲ ਮਨ) ਅੰਦਰ ਹਰੀ ਨਾਲ ਪ੍ਰੇਮ ਲਗ ਗਿਆ (ਤਦ ਉਹ) ਨਾਰੀ ਹਰੀ ਪ੍ਰਭੂ ਦੇ ਸਰੂਪ ਵਿਚ ਸੁਭਾਇਮਾਨ ਹੋ ਗਈ। (ਹਾਂ,) ਹਰੀ ਦੇ ਪ੍ਰੇਮ ਵਿਚ ਰੱਤੀ ਹੋਈ (ਤੇ) ਸਹਜ (ਅਵਸਥਾ) ਵਿਚ ਮਸਤ ਹੋਈ (ਉਸ ਨੂੰ ਕਹੀਦਾ ਹੈ ਕਿ ਜਿਸ ਨੇ) ਹਰਿ ਹਰਿ ਜਪਕੇ ਹਰੀ ਪ੍ਰਭੂ ਨੂੰ ਪਾ ਲਿਆ ਹੈ। ਹਰੀ ਦਾ ਦਾਸ ਨਾਨਕ ਜਨ ਆਖਦਾ ਹੈ: (ਜਿਨ੍ਹਾਂ ਨੇ ਬੀ) ਹਰਿ ਹਰਿ ਧਿਆਇਆ ਹੈ ਵੱਡੇ ਭਾਗਾਂ ਕਰਕੇ (ਹੀ ਧਿਆਇਆ ਹੈ)॥੩॥

ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ॥ ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ॥ ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵਕੀ॥ ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ ਰੰਗ ਕੀ॥ ਗੁਣ ਰਾਮ ਰਾਏ ਮਨਿ ਸੁਭਾਏ ਹਰਿ ਗੁਰਮਤੀ ਮਨਿ ਧਿਆਇਆ॥ ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਚੜਿ ਹਰਿ ਪਾਇਆ॥੪॥੨॥੬॥

(ਸੋ ਇਹ) ਦੇਹ ਰੂਪੀ ਘੋੜੀ (ਸਫਲ ਘੋੜੀ ਹੈ ਜੋ ਸੋਨੇ ਵਰਗੀ ਸੁੰਦਰ ਹੋ ਗਈ ਹੈ ਤੇ) ਜਿਸ ਦੁਆਰਾ ਹਰੀ ਪਾ ਲਿਆ ਹੈ। (ਪਰ) ਸਤਿਗੁਰੂ ਨੂੰ ਮਿਲਕੇ (ਹੀ ਇਸ ਨੇ ਪ੍ਰਾਪਤੀ ਦਾ) ਮੰਗਲਮਯ ਗੀਤ ਗਾਂਵਿਆ ਹੈ। (ਹਾਂ, ਜੋ ਬੀ) ਹਰੀ ਦਾ ਮੰਗਲ ਗਾਏਗਾ, ਰਾਮ ਨਾਮ (ਸਿਮਰੇਗਾ), ਦਾਸਾਂ ਦਾ ਦਾਸ ਹੋਕੇ ਹਰੀ ਦੀ ਸੇਵਾ ਕਰੇਗਾ, (ਉਹ) ਪ੍ਰਭੂ ਨੂੰ ਉਸ ਦੇ ਰੰਗ ਮਹਲ (ਸਰੂਪ) ਵਿਚ ਜਾ ਕੇ ਪਾ ਲਏਗਾ (ਓਥੇ ਓਹ ਰੰਗਕੀ=ਰੰਗਲੀ) ਪ੍ਰੇਮ ਸਰੂਪ ਹੋਇਆ ਪ੍ਰੇਮ (ਦਾ ਸੁਆਦ) ਮਾਣੇਗਾ। (ਸਿੱਟਾ ਇਹ ਕਿ ਜਿਸ ਨੇ) ਰਾਮ ਦੇ ਗੁਣ ਮਨ ਦੇ ਪ੍ਰੇਮ ਨਾਲ ਗਾਏ ਤੇ ਗੁਰੂ ਦੀ ਮਤਿ ਅਨੁਸਾਰ ਮਨ ਵਿਚ (ਉਸ) ਹਰੀ ਨੂੰ ਧਿਆਇਆ, (ਉਸ ਉਤੇ) ਹਰੀ ਨੇ ਕਿਰਪਾ ਕੀਤੀ, (ਉਸੇ ਨੂੰ ਕਹੀਦਾ ਹੈ ਕਿ ਇਸ ਨੇ) ਦੇਹ ਰੂਪੀ ਘੋੜੀ ਤੇ ਸਵਾਰ ਹੋਕੇ ਪ੍ਰਭੂ ਪਾ ਲਿਆ ਹੈ, (ਭਾਵ ਇਸ ਨੇ ਮਨੁਖਾ ਦੇਹ ਪਾਕੇ ਇਸ ਨੂੰ ਸਫਲ ਕੀਤਾ ਹੈ, ਆਖਦਾ ਹੈ) ਦਾਸ ਨਾਨਕ॥੪॥੨॥੬॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸਾਕਾ ਨਨਕਾਣਾ ਸਾਹਿਬ ਦੇ ਸਮਾਗਮ ਮੌਕੇ ਜਥੇਦਾਰ ਸ੍ਰੀ ਅਕਾਲ ਤਖਤ ਵੱਲੋਂ ਸੰਦੇਸ਼



ਸਾਕਾ ਨਨਕਾਣਾ ਸਾਹਿਬ ਜੋ 20 ਫ਼ਰਵਰੀ 1921 ਨੂੰ ਗੁਰਦੁਆਰਾ ਜਨਮ-ਅਸਥਾਨ, ਨਨਕਾਣਾ ਸਾਹਿਬ ਵਿਖੇ ਭ੍ਰਿਸ਼ਟ ਮਹੰਤ ਤੋਂ ਅਜ਼ਾਦ ਕਰਾਉਣ ਲਈ ਵਾਪਰਿਆ ਸੀ ਅਤੇ ਇਸ ਵਿਚ ਤਕਰੀਬਨ 130 ਤੋਂ ਉੱਪਰ ਸਿੰਘ ਸ਼ਹੀਦ ਹੋਏ ਸਨ। ਪੰਥ ਇਸ ਵਾਰ ਇਸ ਸਾਕੇ ਦੀ ਸ਼ਤਾਬਦੀ ਮਨਾ ਰਿਹਾ ਹੈ ਜਿਸ ਵਿਚ ਮੁੱਖ-ਸਥਾਨ ਨਨਕਾਣਾ ਸਾਹਿਬ ਸਮੇਤ ਭਾਰਤ ਵਿਚ ਭਾਈ ਲਛਮਣ ਸਿੰਘ ਦੇ ਪਿੰਡ ਧਾਰੋਵਾਲੀ ਅਤੇ ਹੋਰ ਥਾਵਾਂ ਤੇ ਵੀ ਸਮਾਗਮ ਕੀਤੇ ਜਾ ਰਹੇ ਹਨ। ਨਨਕਾਣਾ ਸਾਹਿਬ ਵਿਖੇ ਇਹ ਸਮਾਗਮ 21 ਫ਼ਰਵਰੀ ਨੂੰ ਹੋਇਆ ਜਿਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਸੰਗਤਾਂ ਨੇ ਆਪਣੀ ਅਕੀਦਤ ਭੇਂਟ ਕੀਤੀ। ਨਨਕਾਣਾ ਸਾਹਿਬ ਵਿਖੇ ਚਲ ਰਹੇ ਸਮਾਗਮ 'ਚ 'ਜ਼ੂਮ' ਰਾਹੀਂ ਹਾਜ਼ਰੀ ਲਵਾਉਂਦਿਆਂ ਜਥੇਦਾਰ ਸਾਹਿਬ ਨੇ ਜਿੱਥੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਉੱਥੇ ਭਾਰਤ ਸਰਕਾਰ ਦੇ ਜਥਾ ਨਾ ਭੇਜਣ ਦੇ ਰਵਈਏ ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਸ਼ਤਾਬਦੀ ਮੌਕੇ ਸ਼ਹੀਦਾਂ ਦੀ ਯਾਦ 'ਚ ਕੌਮ ਲਈ ਪ੍ਰੋਗਰਾਮ ਦਾ ਐਲਾਨ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਹੋਰ ਸਭ ਮਹੱਤਵਪੂਰਨ ਥਾਵਾਂ ਤੇ ਪੂਰਾ ਮਹੀਨਾ ਸਮਾਗਮ ਕਰਾਉਣ ਦੀ ਹਿਦਾਇਤ ਕੀਤੀ ਜਿਸ ਵਿਚ ਇਸ ਮੌਕੇ ਸ਼ਹੀਦੀ ਸਾਕੇ ਤੋਂ ਸੰਗਤਾਂ ਨੂੰ ਜਾਣੂੰ ਕਰਾਉਣ ਦੇ ਨਾਲ ਨਾਲ ਅੰਮ੍ਰਿਤ ਸੰਚਾਰ ਕਰਵਾਉਣ ਦੀ ਵੀ ਹਿਦਾਇਤ ਕੀਤੀ।

# ਮੈਰੀਨਾ ਵ੍ਹੀਲਰ ਦੀ ਪੁਸਤਕ 'ਦ ਲੌਸਟ ਹੋਮਸਟੈਡ' ਤੇ ਹੋਈ ਚਰਚਾ

ਨਵੀਂ ਦਿੱਲੀ, 19 ਫਰਵਰੀ 2021: ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਮਹੀਨਾਵਾਰ ਪੁਸਤਕ ਚਰਚਾ ਲੜੀ ਦੇ ਤਹਿਤ ਇਸ ਵਾਰ ਮੈਰੀਨਾ ਵ੍ਹੀਲਰ ਦੀ ਪੁਸਤਕ **ਦ ਲੌਸਟ ਹੋਮਸਟੈਡ** ਤੇ ਚਰਚਾ ਦਾ ਆਯੋਜਨ ਕੀਤਾ ਗਿਆ। ਪੁਸਤਕ ਤੇ ਉੱਘੇ ਪੱਤਰਕਾਰ ਸ੍ਰੀ ਰਾਹੁਲ ਸਿੰਘ ਅਤੇ ਸੈਂਟਰ ਫਾਰ ਮੀਡੀਆ ਸਟਡੀਜ਼, ਜੇਐਨਯੂ ਤੋਂ ਪ੍ਰੋ. ਰਾਕੇਸ਼ ਬਟਾਬਿਆਲ ਨੇ ਆਪਣੇ ਵਿਚਾਰ ਸਾਂਝੇ ਕੀਤੇ। ਪੁਸਤਕ ਦੀ ਲੇਖਿਕਾ ਮਰੀਨਾ ਵ੍ਹੀਲਰ ਵੀ ਇਸ ਚਰਚਾ ਦਾ ਹਿੱਸਾ ਬਣੀ ਅਤੇ ਡਾ. ਮਾਧੁਰੀ ਚਾਵਲਾ ਨੇ ਇਸਦਾ ਸੰਚਾਲਨ ਕੀਤਾ। ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਲੇਖਿਕਾ ਰਾਹੀਂ ਲਿਖੀ ਪੁਸਤਕ ਬਾਰੇ ਸੰਖੇਪ 'ਚ ਦੱਸਿਆ। ਸੰਚਾਲਕ ਮਾਧੁਰੀ ਚਾਵਲਾ ਨੇ ਵਕਤਿਆਂ ਬਾਰੇ ਸੰਖੇਪ ਜਾਣ-ਪਛਾਣ ਕਰਾਈ। ਰਾਹੁਲ ਸਿੰਘ ਨੇ ਪੁਸਤਕ ਬਾਰੇ ਕਿਹਾ ਕਿ ਇਸ ਵਿਚ ਬੀਤੇ ਨੂੰ ਫਰੋਲਦਿਆਂ ਵੰਡ ਦੇ ਸਮੇਂ ਦੇ ਬਿਰਤਾਂਤ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰੋ. ਰਾਕੇਸ਼ ਬਟਾਬਿਆਲ ਅਨੁਸਾਰ ਪੁਸਤਕ 'ਚ ਵਰਣਿਤ ਇਤਿਹਾਸਕ ਬਿਰਤਾਂਤ ਉਸ ਵੇਲੇ ਦੀਆਂ ਮੁੱਖ ਲਿਖਤਾਂ ਤੋਂ ਵੱਖਰਾ ਵਿਚਰਦਾ ਹੈ ਜਦਕਿ ਪੁਸਤਕ 'ਚ ਦੀਪ ਸਿੰਘ ਅਤੇ ਸਰਗੋਧਾ ਦੇ ਬਿਰਤਾਂਤ ਦੀ ਭਰਪੂਰ ਅਤੇ ਸਸ਼ਕਤ ਪੇਸ਼ਕਾਰੀ ਵੇਖਣ ਨੂੰ ਮਿਲਦੀ ਹੈ। ਲੇਖਿਕਾ ਅਨੁਸਾਰ ਉਨ੍ਹਾਂ ਦੀ ਇਹ ਪੁਸਤਕ ਮਾਂ ਦੀ ਜੀਵਨ ਕਹਾਣੀ ਤੋਂ ਪ੍ਰੇਰਿਤ ਹੈ ਜੋ ਕਿ ਆਪਣੀ ਹੋਣੀ ਤੇ ਹਯਾਤੀ ਨੂੰ ਖੁਦ ਘੜਨ ਦੀ ਚਾਹਵਾਨ ਸੀ ਤੇ ਇਸ ਪਾਸੇ ਉਹਨਾਂ ਸਾਰਥਕ ਕਦਮ ਪੁੱਟੇ।



ਸ਼੍ਰੀ ਰਾਹੁਲ ਸਿੰਘ | ਪ੍ਰੋ. ਰਾਕੇਸ਼ ਬਟਾਬਿਆਲ | ਮੈਰੀਨਾ ਵ੍ਹੀਲਰ

❖ ❖ ❖ ❖